
1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 106
ਨੰਬਰ 7, 8

੩ ਵੈਸਾਖ ਤੋਂ ੧ ਜੇਠ ੨੦੮੩ ਬਿ.
16 April to 15 May 2026

# ਸਤਿਜੁਗ



10/-

# ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਨੌਜਵਾਨ ਬੱਚਿਆਂ ਨੇ ਅਖੰਡ ਪਾਠ ਕੀਤੇ

ਸਥਾਨ: ਸ੍ਰੀ ਭੈਣੀ ਸਾਹਿਬ





# ਸਤਿਜੁਗ

੩ ਵੈਸਾਖ ਤੋਂ ੧ ਜੇਠ ੨੦੮੩ ਬਿ.
16 ਅਪ੍ਰੈਲ ਤੋਂ 15 ਮਈ 2026 ਈ.
ਜਿਲਦ 106, ਨੰਬਰ 7,8



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
**Email- Satjug@sribhainisahib.com**


# ਤਤਕਰਾ


* ਸੰਪਾਦਕੀ....................4
* ਗੁਰਬਾਨੀ ਵਿਆਖਿਆ....................6
* ਇਰਾਨ-ਅਮਰੀਕਾ-ਇਜ਼ਰਾਈਲ ਜੰਗ ਨਵੇਂ ਮੋੜ 'ਤੇ
  ਡਾ. ਸੁਰਿੰਦਰ ਮੰਡ....................8
* ਸਤਿਗੁਰੂ ਦਰਸ਼ਨ ਨਾਲ ਰੌਸ਼ਨਾਇਆ ਪੰਜਾਬੀ ਸੱਥ ਦਾ ਵਿਹੜਾ
  ਡਾ. ਲਖਵੀਰ ਸਿੰਘ ਰਾਮਪੁਰਾ ਫੂਲ....................10
* ਨਾਰੀ ਜਾਤੀ ਦੇ ਮੁਕਤੀ ਦਾਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ
  ਮਨਜੀਤ ਸਿੰਘ ਦਿੱਲੀ....................16
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ....................19
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ....................22
* What is joy (Anand) ?
  Acharya Prashant....................25
* MURDER OFBEEF BUTCHERS BY KUKAS
  Dr. Gurdev Singh Sidhu....................31
* ਕਾਵਿ - ਕਿਆਰੀ....................36
* ਖ਼ਬਰਨਾਮਾ....................37
* Matrimonial....................42


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਜੰਗ ਸਿਰਫ਼ ਜੰਗ ਦੇ ਮੈਦਾਨਾ ਵਿਚ ਨਹੀਂ ਲੜੀ ਜਾਂਦੀ, ਇਹ ਘਰਾਂ ਦਿਲਾਂ ਅਤੇ ਸਮਾਜ ਵਿਚ ਵੀ ਲੜੀ ਜਾਂਦੀ ਹੈ। ਜੰਗ ਮੈਦਾਨ ਵਿਚ ਪੁੱਤਾਂ ਨੂੰ ਤੋਰਦੀਆਂ ਮਾਵਾਂ ਜਾਂ ਜੰਗੀ ਕਾਰਵਾਈ ਕਾਰਨ ਮਾਰੇ ਗਏ ਧੀਆਂ ਪੁੱਤਾਂ ਦੀਆਂ ਲਾਸ਼ਾਂ, ਆਪਣਿਆਂ ਅੰਦਰ ਜੋ ਚੀਖਾਂ ਵਿਰਲਾਪ ਪੈਦਾ ਕਰਦੇ ਹਨ ਉਹ ਗੋਲੀਆਂ ਬੰਬਾ ਦੀਆਂ ਅਵਾਜਾਂ ਨਾਲੋਂ ਉੱਚੀ ਹੁੰਦੇ ਹਨ। ਇੰਨਸਾਨਿਅਤ ਹਮੇਸ਼ਾਂ ਹਰ ਜੰਗ ਵਿਚ ਹਾਰੀ ਹੈ, ਇਤਿਹਾਸ ਇਸ ਗੱਲ ਦਾ ਗਵਾਹ ਹੈ।

ਅੱਜ ਸੰਸਾਰ ਭਰ ਅੰਦਰ ਇਕ ਵੱਡੀ ਜੰਗ ਦਾ ਭੈਅ ਹੈ। ਜੋ ਜੰਗ ਪਿਛਲੇ ਮਹੀਨੇ ਤੋਂ ਲਗਾਤਾਰ ਚੱਲ ਰਹੀ ਹੈ ਉਸ ਦਾ ਸੇਕ ਪੂਰਾ ਸੰਸਾਰ ਝੱਲ ਰਿਹਾ ਹੈ। ਭਾਂਵੇ ਮਰਨ ਵਾਲੇ ਲੋਕ ਇਰਾਨ, ਅਮਰੀਕਾ, ਇਜਰਾਇਲ, ਲਿਬਨਾਨ ਅਤੇ ਨਾਲ ਲਗਦੇ ਅਰਬ ਦੇਸ਼ਾਂ ਦੇ ਨਾਗਰਿਕ ਹਨ ਪਰ ਹਰ ਕੋਨੇ ਵਿਚ ਬੈਠਾ ਸੰਵੇਦਨਸ਼ੀਲ ਮਨੁੱਖ ਇਸ ਭਿਅੰਕਰ ਮੰਜਰ ਲਈ ਕੁਰਲਾ ਰਿਹਾ ਹੈ।

ਇਰਾਨ ਅਮਰੀਕੀ ਜੰਗ ਹੁਣ ਨਵੀਂ ਕਰਵਟ ਲੈ ਚੁੱਕੀ ਹੈ। ਲਗਾਤਾਰ ਹੋ ਰਹੇ ਦੋਵੇਂ ਪਾਸਿਓਂ ਹਮਲੇ ਇਸ ਖ਼ਬਰ ਨੇ ਰੋਕੇ ਸੀ ਕਿ ਪਕਿਸਤਾਨ ਦੋਵੇਂ ਦੇਸ਼ਾਂ ਦੀ ਇਸਲਾਮਾਬਾਦ ਅੰਦਰ

ਗੱਲਬਾਤ ਕਰਾ ਰਿਹਾ ਹੈ। ਇਹ ਗੱਲਬਾਤ 11-12 ਅਪ੍ਰੈਲ ਨੂੰ ਹੋਈ। ਇੱਕੀ ਘੰਟੇ ਚੱਲੀ ਇਹ ਗੱਲਬਾਤ ਬਿਨਾ ਨਤੀਜੇ ਖ਼ਤਮ ਹੋਈ। ਇਸ ਗੱਲਬਾਤ ਵਿਚ ਅਮਰੀਕਾ ਦਾ ਉਪ ਰਾਸ਼ਟਰਪਤੀ ਜੇਡੀ ਵੈਂਸ ਅਤੇ ਸਹਿਯੋਗੀ ਸਾਥੀ ਅਤੇ ਇਰਾਨ ਵਲੋਂ ਵਿਦੇਸ਼ ਮੰਤਰੀ ਅਬਾਸ ਅਰਾਘਚੀ ਸੰਸਦ ਮੈਂਬਰਾਂ ਸਮੇਤ ਬੈਠਾ ਸੀ। ਹੋਵਾਂ ਦੇਸਾਂ ਦੇ ਬੁਲਾਰਿਆਂ ਪ੍ਰੈਸ ਨੂੰ ਇਹ ਕਿਹਾ ਕਿ ਦੂਜਾ ਧੜਾ ਸਾਡੀਆਂ ਸ਼ਰਤਾਂ ਨੂੰ ਪ੍ਰਵਾਨ ਨਹੀਂ ਕਰ ਰਿਹਾ। ਜਿਸ ਤੋਂ ਸਾਫ਼ ਹੈ ਕਿ ਜੰਗ ਸਿਰਫ ਹੰਕਾਰੀ ਸੋਚ ਦੀ ਹੈ ਜੋ ਇਕ ਦੂਜੇ ਨੂੰ ਨੀਵਾਂ ਵਿਖਾਉਣਾ ਚਾਹੁੰਦੀ ਹੈ।

ਦੂਜੇ ਪਾਸੇ ਇਜਰਾਇਲ ਲਗਾਤਾਰ ਲਿਬਨਾਨ 'ਤੇ ਹਮਲੇ ਕਰ ਰਿਹਾ ਹੈ। ਗਾਜਾ ਲਿਬਨਾਨ ਦੁਨੀਆਂ ਦੇ ਵੱਡੇ ਕਬਰਸਤਾਨ ਬਣ ਗਏ ਹਨ, ਜਿਥੇ ਇਨਸਾਨਿਅਤ ਦਾ ਖੂਨ ਹੋਇਆ ਹੈ। ਛੋਟੇ-ਛੋਟੇ ਬੱਚੇ, ਔਰਤਾਂ, ਨਿਹੱਥੇ ਬੇਕਸੂਰ ਲੋਕ ਵੱਡੀ ਗਿਣਤੀ ਵਿਚ ਮਾਰੇ ਗਏ ਹਨ। ਇਹ ਜੰਗ ਸਦੀਆਂ ਪਹਿਲਾ  ਸਿਰਜੀ ਗਈ ਜੋ ਅੱਜ ਵੀ ਚੱਲ ਰਹੀ ਹੈ ਅਜੇ ਇਸ ਦੇ ਅੰਤ ਦੀਆਂ ਕੋਈ ਕੰਨਸੋਆਂ ਨਹੀਂ।

ਜੰਗ ਅਕਸਰ ਉਹ ਲੋਕ ਸ਼ੁਰੂ ਕਰਦੇ ਹਨ, ਜੋ ਜੰਗ ਮੈਦਾਨ ਵਿਚ ਹਾਜ਼ਰ ਨਹੀਂ ਹੁੰਦੇ। ਇਸ ਦੀ ਕੀਮਤ ਉਹ ਲੋਕ ਚੁਕਾਉਂਦੇ ਹਨ ਜੋ ਲੀਡਰਾਂ ਦੇ ਫੈਸਲਿਆਂ ਤੋਂ ਅਣਭਿਜ ਹੁੰਦੇ ਹਨ। ਇਤਿਹਾਸਕ ਸੱਚ ਤਾਂ ਇਹ ਹੈ ਕਿ ਅੱਜ ਤੱਕ ਕਿਸੇ ਵੀ ਧਿਰ ਨੂੰ ਜੰਗ ਵਿਚੋਂ ਸੱਚੀ ਜਿੱਤ ਪ੍ਰਾਪਤ ਨਹੀਂ ਹੋਈ। ਹਰ ਜੰਗ ਵਿਚ ਕੁਝ ਨਾ ਕੁਝ ਹਾਰਨਾ ਪੈਂਦਾ ਹੈ। ਤਾਕਤ ਦੀ ਇਹ ਅੰਨ੍ਹੀ ਦੌੜ ਸਭ ਦੇਸ਼ਾਂ ਵਿਚ ਵੱਧ ਚੁੱਕੀ ਹੈ, ਤਿੰਨ ਅਪ੍ਰੈਲ ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ 2027 ਦੇ ਵਿਤੀ ਸਾਲ ਵਿਚ ਅਮਰੀਕਾ ਦੇ ਰੱਖਿਆ ਖਰਚੇ ਨੂੰ 500 ਅਰਬ ਡਾਲਰ ਵਧਾਉਣ ਦਾ ਪ੍ਰਸਤਾਵ ਰੱਖਿਆ ਹੈ। ਜੋ ਇਸ ਗੱਲ ਦਾ ਇਸ਼ਾਰਾ ਹੈ ਕਿ ਇਹ ਹਥਿਆਰਾ ਦੀ ਦੌੜ ਇਸ ਸਾਲ ਹਰ ਦੇਸ਼ ਦੇ ਬਜਟ ਨੂੰ ਪ੍ਰਭਾਵਿਤ ਕਰੇਗੀ। ਬੁਨਿਆਦੀ ਸਹੂਲਤਾਂ ਲਈ ਸੰਘਰਸ਼ ਕਰਦੇ ਭਾਰਤ ਵਰਗੇ ਦੇਸ ਇਸ ਨਾਲ ਜਿਆਦਾ ਪ੍ਰਭਾਵਿਤ ਹੋਣਗੇ। ਇਸ ਅਫ਼ਰਾ ਤਫਰੀ ਵਿਚ ਵੱਡੀਆਂ ਸੰਸਥਾਵਾਂ (ਸੰਯੁਕਤ ਰਾਸ਼ਟਰ, ਯੂ.ਐਨ ਸੁਰੱਖਿਆ ਪਰਿਸ਼ਦ, ਨਾਟੋ ਆਦਿ) ਵੀ ਖੇਰੂ-ਖੇਰੂ ਹੋ ਰਹੀਆਂ ਹਨ। ਇਨ੍ਹਾਂ ਦੇ ਖਤਮ ਹੋਣ ਦੀ ਸੰਭਾਵਨਾ ਪੂਰੀ ਹੈ। ਤਾਕਤਵਰ ਦੇਸ਼ਾਂ ਦੀ ਮੰਨਮਾਨੀ ਨੇ ਇਸ ਸਾਰੇ ਸਿਸਟਮ ਨੂੰ ਖੋਖਲਾ ਕੀਤਾ ਹੈ ਤੇ ਕੋਈ ਵੀ ਨਵੀਂ ਵੱਡੀ ਸੰਸਥਾ ਕਾਇਮ ਨਹੀਂ ਹੋ ਰਹੀ ਜੋ ਦੁਨੀਆਂ ਵਿਚ ਸ਼ਾਂਤੀ ਲਈ ਯਤਨ ਕਰੇ।

ਮੌਜੂਦਾ ਹਲਾਤ ਇਹ ਹੈ ਕਿ ਮੱਧ ਪੂਰਬੀ ਖਾੜੀ ਦੇ ਅਰਬ ਦੇਸ਼ ਇਰਾਨ, ਅਮਰੀਕੀ ਜੰਗ ਅੰਦਰ ਫਸੇ ਹੋਏ ਹਨ। ਗੱਲਬਾਤ ਟੁੱਟਣ ਤੋਂ ਬਾਅਦ ਅਮਰੀਕਾ ਨੇ ਹੋਰਮੁਜ਼ ਦੇ ਆਲੇ ਦੁਆਲੇ ਨਾਕਾ ਬੰਦੀ ਕਰ ਦਿੱਤੀ ਹੈ ਤੇ ਟਰੰਪ ਦਾ ਇਹ ਬਿਆਨ ਹੈ ਕਿ ਜੋ ਦੇਸ਼ ਇਰਾਨ ਨੂੰ ਹੋਰਮਜ਼ ਸਟ੍ਰੇਟ ਤੋਂ ਲੰਘਣ ਦਾ ਟੋਲ ਦੇਵੇਗਾ ਉਸ ਦੀ ਨਿਗਰਾਨੀ ਕੀਤੀ ਜਾਵੇਗੀ, ਉਸ ਦੇਸ ਦੇ ਜਹਾਜ ਨੂੰ ਫਾਰਸ, ਓਮਾਨ ਜਾਂ ਅਰਬ ਸਾਗਰ ਤੋਂ ਨਹੀਂ ਲੰਘਣ ਦਿੱਤਾ ਜਾਵੇਗਾ। ਹੁਣ ਜੇ ਟਰੰਪ ਸਰਕਾਰ ਇਸ ਗੱਲ 'ਤੇ ਅੜੀ ਰਹੀ ਤੇ ਇਰਾਨ ਵੀ ਇਸ ਘੇਰਾਬੰਦੀ ਦਾ ਜਵਾਬ ਦੇਣ ਲਈ ਤਿਆਰ ਹੈ ਤਾਂ ਜੰਗ ਇਕ ਭਿਆਨਕ ਮੋੜ 'ਤੇ ਆ ਜਾਵੇਗੀ।

ਇਸ ਦੇ ਨਾਲ ਹੀ ਤੇਲ ਦੀਆਂ ਕੀਮਤਾ ਅਸਮਾਨ ਛੂਹ ਰਹੀਆਂ ਹਨ। ਨਵੀਂ ਫਸਲ ਲਈ ਫਟਲਾਇਜ਼ਰ (ਖਾਸ ਕਰਕੇ ਯੂਰੀਆ) ਦੀ ਮੰਗ ਵੀ ਪੂਰੀ ਨਹੀਂ ਹੋ ਰਹੀ। ਭਾਰਤ ਵੱਡੇ ਨੰਬਰਾਂ ਵਿਚ ਅਰਬ ਦੇਸਾਂ ਤੋਂ ਇਹ ਚੀਜਾਂ ਪੂਰੀਆਂ ਕਰਦਾ ਹੈ। ਜੇ ਜੰਗ ਇਸ ਤਰ੍ਹਾਂ ਹੀ ਚੱਲਦੀ ਰਹੀ ਤਾਂ ਇਹ ਸੰਕਟ ਹੋਰ ਡੂੰਘਾ ਹੋ ਜਾਣਾ ਹੈ। ਇੰਨਸਾਨਿਅਤ ਦਾ ਘਾਣ ਖਤਮ ਹੋਣਾ ਚਾਹੀਦਾ ਹੈ ਸਾਰੇ ਦੇਸਾਂ ਨੂੰ ਸੰਵੇਦਨਸ਼ੀਲਤਾ ਨਾਲ ਇਸ ਮੁੱਦੇ 'ਤੇ ਸਿਰ ਜੋੜਨੇ ਚਾਹੀਦੇ ਹਨ। ਮਨੁੱਖੀ ਹਉਮੈ ਇਸ ਤਰ੍ਹਾਂ ਹੀ ਵੱਧਦੀ ਗਈ ਤਾਂ ਇਸ ਦੇ ਨਤੀਜੇ ਹੋਰ ਭਿਆਨਕ ਹੋਣਗੇ। ਹਥਿਆਰਾ ਦੀ ਦੌੜ ਵਿਚ ਜ਼ਿੰਦਗੀਆਂ ਹਾਰ ਜਾਣਗੀਆਂ। ਇਹ ਜੰਗ ਪ੍ਰਮਾਣੂ ਸ਼ਕਤੀ ਬਨਣ ਲਈ ਹੋਰ ਦੇਸ਼ਾਂ ਨੂੰ ਵੀ ਪ੍ਰੇਰਿਤ ਕਰੇਗੀ ਕਿਉਂਕਿ ਇਸ ਦੇ ਨਤੀਜੇ ਲੰਬਾ ਸਮਾਂ ਅਸਰਦਾਇਕ ਰਹਿਣਗੇ।

.....................................................

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਸਲੋਕੁ ਮਃ ੧॥**

**ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥**
ਅਸਲੀਅਤ ਦੀ ਪਛਾਣ ਨਾ ਰਹਿਣ ਸਦਕਾ ਵਿਕਾਰਾਂ ਵਿੱਚ ਗ੍ਰਸੇ ਲੋਕ ਜੀਵਨ ਪੰਧ ਤੋਂ ਭਟਕ ਗਏ ਹਨ।
There is paucity of truth; falsehood prevails,
the black age of KalYug has turned humans into demons.

**ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥**
ਨਾਮ ਰੂਪੀ ਬੀਜ ਹਿਰਦੇ ਵਿੱਚ ਬੀਜਣ ਵਾਲਿਆਂ ਦੀ ਆਬਰੂ ਸਲਾਮਤ ਹੈ,
ਪਰ ਮੂਲ ਤੋਂ ਟੁੱਟ ਕੇ ਦੁਫਾੜ ਹੋਇਆਂ ਦੀ ਦੁਬਿਧਾ ਵਿੱਚ ਇੱਜ਼ਤ ਕਿਵੇਂ ਬਚੇ?
Those who had sown the seed of *Naam* earlier have departed with honour,
how will the damaged seed ever sprout?

**ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥**
ਜੇਕਰ ਬੀਜ ਮੁਕੰਮਲ ਅਤੇ ਮੁਨਾਸਿਬ ਮੌਸਮ ਹੋਵੇ, ਤਾਂ ਹੀ ਪੁੰਗਰਦਾ ਹੈ।
If the seed is intact and the season suitable, the seed shall sprout.

**ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਲਾਗ ਤੋਂ ਬਿਨਾਂ ਕੋਰੇ ਕੱਪੜੇ ਨੂੰ ਉਹ ਰੰਗ ਨਹੀਂ ਚੜ੍ਹਦਾ ਜਿਹੜਾ ਕਿ ਲਾਗ ਵਾਲੇ ਨੂੰ ਚੜ੍ਹਦਾ ਹੈ, ਇਸ ਲਈ ਮਨ ਨੂੰ ਨਾਮ ਦੀ ਲਾਗ ਲਾਉਣੀ ਪੈਂਦੀ ਹੈ।
Sri Guru Ji says: without treatment, the raw fabric cannot be colored.

**ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥**
ਪ੍ਰਭੂ ਦੇ ਭੈਅ ਦੀ ਖੁੰਬ ਵਿੱਚ ਮਨ ਰੰਗ ਕੇ ਫਿਰ ਮਿਹਨਤ ਤੇ ਉੱਦਮ ਦੀ ਪਾਹ ਦਿੱਤੀ ਜਾਵੇ।
In the fear of God, the body like cloth shall be bleached and treated with modesty.

**ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥੧॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਮਨ ਪ੍ਰਭੂ ਦੀ ਭਗਤੀ ਵਿੱਚ ਰੰਗਿਆ ਜਾਵੇ ਤਾਂ ਉਹ ਝੂਠ ਵਿੱਚ ਨਹੀਂ ਪੈਂਦਾ।
Sri Guru Ji says: if one is imbibed in God's meditation, then one's repute is not false at all.

**ਮਃ ੧॥**

**ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥**
ਸਮਕਾਲੀ ਸਥਿਤੀ ਦੀ ਚਰਚਾ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ ਲੋਭ ਰਾਜਾ ਹੈ, ਪਾਪ ਵਜ਼ੀਰ ਹੈ ਅਤੇ ਝੂਠ ਚੌਧਰੀ ਹੈ।
Greed and sin are the King and the Minister, falsehood is the treasurer.

**ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥**

ਇਹਨਾਂ ਦਾ ਨਾਇਬ ਕਾਮ ਹੈ, ਜਿਸ ਦੀ ਹਰ ਕੰਮ ਵਿੱਚ ਸਲਾਹ ਲਈ ਜਾਂਦੀ ਹੈ।

The chief advisor, Lust, is always consulted. They sit down together to discuss their action plans.

**ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥**

ਗਿਆਨ ਤੋਂ ਸੱਖਣੀ ਪਰਜਾ ਅੰਨ੍ਹੀ ਹੈ, ਜਿਸ ਦੀ ਹਾਲਤ ਉਹਨਾਂ ਮਿਰਤਕ ਕੱਟੇ ਵੱਛੀਆਂ ਜਿਹੀ ਹੈ,
ਜਿਨ੍ਹਾਂ ਵਿੱਚ ਤੂੜੀ ਭਰ ਕੇ ਮੱਝਾਂ ਗਾਵਾਂ ਨੂੰ ਚੋਇਆ ਜਾਂਦਾ ਹੈ।

Deprived of wisdom, the populace is blind in ignorance and rapaciously breach other's rights.

**ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥**

ਸਿਆਣੇ ਬਣਦੇ ਲੋਕ ਵੀ ਹਾਕਮਾਂ ਦੀ ਹਜ਼ੂਰੀ ਵਿੱਚ ਨੱਚਦੇ ਹਨ, ਵੱਖ-ਵੱਖ ਰੂਪਾਂ ਵਿੱਚ ਖੁਸ਼ਾਮਦ ਕਰਦੇ ਹਨ।

The braggarts who pretend to be wise, dance, play instruments and decorate themselves.

**ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥**

ਭੱਟ, ਲੋਭੀ ਹਾਕਮਾਂ ਦੇ ਝਗੜਿਆਂ ਦੀਆ ਵਾਰਾਂ ਸੁਣਾ ਕੇ ਹੋ ਗੁਜ਼ਰੇ ਸੂਰਮਿਆਂ ਨਾਲ ਉਹਨਾਂ ਦੀ ਤੁਲਨਾ ਕਰਦੇ ਹਨ।

They shout out loud and sing epic poems and heroic tales.

**ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥**

ਧੋਖੇ ਨਾਲ ਇਕੱਠੇ ਕੀਤੇ ਧਨ ਨੂੰ ਪਿਆਰ ਕਰਨ ਵਾਲੇ ਸਿਆਣਿਆਂ ਨੂੰ ਗੁਰੂ ਜੀ ਮੂਰਖ ਕਹਿੰਦੇ ਹਨ।

The fools showcase themselves as scholars, and by different tricks and
gimmicks, gather the wealth they love.

**ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥**

ਧਰਮੀ ਲੋਕ ਧਰਮ ਗਵਾ ਕੇ ਮੁਕਤੀ ਦਾ ਦੁਆਰਾ ਖੁੱਲ੍ਹਣਾ ਮੰਗਦੇ ਹਨ।

The religious ones lose their righteousness by demanding salvation right after their virtuous actions.

**ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥**

ਇੰਦਰੇ-ਜਿੱਤ ਬਣਨ ਦੀ ਲਾਲਸਾ ਵਿਚ ਸਹੀ ਢੰਗ ਨਾ ਜਾਣਨ ਵਾਲੇ ਵਿਅਰਥ ਹੀ ਘਰ ਬਾਰ ਛੱਡ ਦਿੰਦੇ ਹਨ।

They call themselves celibate; yet do not understand the way of celibacy and
unnecessarily leave their homes and works.

**ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥**

ਹਰ ਕੋਈ ਆਪਣੇ ਆਪ ਨੂੰ ਮੁਕੰਮਲ ਸਮਝ, ਕੋਈ ਘਾਟ ਨਾ ਹੋਣ ਦਾ ਦਾਹਵਾ ਕਰਦਾ ਹੈ।

Everyone claims oneself to be perfect, no one considers oneself incomplete.

**ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਤੋਲ ਵਿੱਚ ਉਹ ਹੀ ਪੂਰਾ ਉਤਰੇਗਾ, ਜਿਸ ਨੂੰ ਸਾਧ ਸੰਗਤ ਵਿੱਚੋਂ ਮਾਣ ਮਿਲੇਗਾ।

Sri Guru Ji says: A person is evaluated by the weight of honourable virtues.

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

**ਚਲਦਾ...**

# ਇਰਾਨ-ਅਮਰੀਕਾ-ਇਜ਼ਰਾਈਲ ਜੰਗ ਨਵੇਂ ਮੋੜ 'ਤੇ



**ਡਾ. ਸੁਰਿੰਦਰ ਮੰਡ**
ਸੰ. 94173-24543

ਟਰੰਪ ਨੇ ਇਕ ਮਹੀਨੇ ਦੀ ਜੰਗ ਉਪਰੰਤ 2 ਅਪਰੈਲ ਦੇ ਆਪਣੇ ਕੌਮ ਦੇ ਨਾਮ ਸੰਦੇਸ਼ ਵਿੱਚ ਐਲਾਨ ਕੀਤਾ ਹੈ ਕਿ ਇਰਾਨ ਨਾਲ ਜੰਗ ਜਿੱਤੀ ਪਈ ਪਰ ਇਹ ਦੋ-ਤਿੰਨ ਹਫਤਿਆਂ ਤੱਕ ਹੋਰ ਚੱਲੇਗੀ। ਉਸ ਨੇ ਇਰਾਨੀ ਨੇਵੀ, ਹਵਾਈ ਤਾਕਤ, ਪ੍ਰਮਾਣੂ ਕੇਂਦਰ ਅਤੇ ਮਿਜ਼ਾਈਲ ਲਾਂਚ ਸਿਸਟਮ ਤਬਾਹ ਕਰ ਦੇਣ ਦਾ ਦਾਅਵਾ ਕੀਤਾ ਤੇ ਨਾਲ ਹੀ ਧਮਕੀ ਵੀ ਦਿੱਤੀ ਕਿ ਇਰਾਨ ਝੁਕੇ, ਨਹੀਂ ਤਾਂ ਬੰਬਾਰੀ ਨਾਲ ਪੱਥਰ ਯੁੱਗ ਵਿੱਚ ਪਹੁੰਚਾ ਦਿੱਤਾ ਜਾਵੇਗਾ। ਤਾਜ਼ੀ ਖ਼ਬਰ ਹੈ ਕਿ ਟਰੰਪ ਨੇ ਅਮਰੀਕੀ ਸੈਨਾਵਾਂ ਦੇ ਮੁਖੀ ਰੈਂਡੀ ਜੌਰਜ ਅਤੇ ਸੌਲੀਸ਼ਿਟਰ ਜਨਰਲ ਪੈਮ ਬੌਡੀ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਹੈ। ਟਰੰਪ ਨੇ ਆਪਣੇ ਸੰਬੋਧਨ ਵਿੱਚ ਇਰਾਨ ਅੰਦਰ ਕਿਸੇ ਤਰ੍ਹਾਂ ਦੇ ਗਰਾਊਂਡ ਅਪਰੇਸ਼ਨ ਕਰਨ ਦਾ ਨਾਮ ਨਹੀਂ ਸੀ ਲਿਆ ਅਤੇ ਹੋਰਮੁਜ਼ ਜਲਮਾਰਗ ਖੁੱਲ੍ਹਵਾਉਣ ਬਾਰੇ ਆਖਿਆ ਕਿ ਅਮਰੀਕਾ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ। ਜਿਨ੍ਹਾਂ ਨੇ ਉਧਰੋਂ ਲੰਘਣਾ ਜਾਂ ਤੇਲ ਲੰਘਾਉਣਾ ਹੈ, ਉਨ੍ਹਾਂ ਨੇ ਜੋ ਕਰਨਾ ਹੈ ਉਹ ਕਰਨ। ਇਸ ਨਾਲ ਖਾੜੀ ਦੇ ਅਰਬ ਦੇਸ਼ਾਂ ਨੂੰ ਸਭ ਤੋਂ ਵੱਡਾ ਝਟਕਾ ਲੱਗਾ ਹੋਵੇਗਾ ਕਿਉਂਕਿ ਉਨ੍ਹਾਂ ਨੇ ਤਾਂ ਸਭ ਖੁਰਾਕੀ ਸਮੱਗਰੀ ਤੇ ਲੋੜ ਦਾ ਸਾਰਾ ਕੁਝ ਮੰਗਵਾਉਣਾ ਹੁੰਦਾ ਹੈ। ਲੋਕ ਹੈਰਾਨ ਹਨ ਕਿ ਟਰੰਪ ਨੇ ਨਾਟੋ ਅਤੇ ਹੋਰ ਸਹਿਯੋਗੀ ਦੇਸ਼ਾਂ ਵੱਲੋਂ ਸਾਥ ਨਾ ਦੇਣ ਬਾਰੇ ਇਜ਼ਰਾਈਲ ਅਤੇ ਅਰਬ ਦੇਸ਼ਾਂ ਸਬੰਧੀ ਅਗਲੀ ਨੀਤੀ ਬਾਰੇ ਵੀ ਕੁਝ ਨਹੀਂ ਕਿਹਾ। ਸਗੋਂ ਇਹ ਕਿਹਾ ਕਿ ਇਰਾਨ ਸਰਕਾਰ ਦਾ ਤਖ਼ਤਾ ਪਲਟਣਾ ਸਾਡਾ ਮਕਸਦ ਹੀ ਨਹੀਂ ਸੀ।

ਇਹ ਫਿਰ ਕਾਹਦੀ ਜਿੱਤ ਹੈ ? ਇਹ ਬਿਆਨ ਤਾਂ ਜੰਗ ਤੋਂ ਪਹਿਲਾਂ ਮਿਥੇ ਨਿਸ਼ਾਨਿਆਂ ਤੋਂ ਭੱਜਣ ਵਰਗੇ ਹਨ। ਸੁਣ ਕੇ ਲੱਗਾ ਜਿਵੇਂ ਪਹਿਲਾਂ ਵੀ ਅਤੇ ਹੁਣ ਵੀ ਇਰਾਨ ਨੂੰ ਸਿਰਫ ਤਬਾਹ ਕਰਨਾ ਹੀ ਜੰਗ ਦਾ ਮਕਸਦ ਹੋਵੇ। ਟਰੰਪ ਦੇ ਸੰਬੋਧਨ ਉਪਰੰਤ ਦੋਵਾਂ ਪਾਸਿਓਂ ਹਮਲੇ ਹੋਰ ਪ੍ਰਚੰਡ ਹੋ ਗਏ ਹਨ। ਜਾਨੀ ਮਾਲੀ ਨੁਕਸਾਨ ਵਧਿਆ ਹੈ। 18 ਅਮਰੀਕੀ ਕੰਪਨੀਆਂ ਉੱਤੇ ਖਾੜੀ ਦੇਸ਼ਾਂ ਵਿਚ ਹਮਲੇ ਕਾਰਨ ਇਮਾਰਤਾਂ ਖਾਲੀ ਹੋ ਗਈਆਂ ਹਨ। ਇਜ਼ਰਾਈਲ-ਅਮਰੀਕਾ 200 ਜਹਾਜ਼ਾਂ ਨਾਲ ਲਗਾਤਾਰ ਵਿਨਾਸ਼ਕਾਰੀ ਹਮਲੇ ਕਰ ਰਹੇ ਹਨ, ਜਦਕਿ ਇਰਾਨ, ਲਿਬਨਾਨੀ ਹਿਜ਼ਬੁੱਲਾ ਅਤੇ ਯਮਨ ਦੇ ਹੂਤੀ ਮੋੜਵਾਂ ਮਾਰੂ ਜਵਾਬ ਦੇ ਕੇ ਹੈਰਾਨ ਕਰ ਰਹੇ ਹਨ। ਇਰਾਨ ਨੇ ਕਿਹਾ ਹੈ ਕਿ ਉਸ ਨੇ ਇੱਕ ਅਮਰੀਕੀ ਲੜਾਕਾ ਜਹਾਜ਼ ਫੁੰਡ ਕੇ ਪਾਇਲਟ ਫੜ ਲਿਆ ਹੈ ਤੇ ਪਾਇਲਟ ਨੂੰ ਲੱਭਣ ਆਏ ਹੈਲੀਕਾਪਟਰ ਨੂੰ ਵੀ ਡੇਗ ਲੈਣ ਦਾ ਦਾਅਵਾ ਕੀਤਾ ਹੈ। ਇਰਾਨ ਦੁਆਲੇ ਅਮਰੀਕੀ ਫੌਜੀਆਂ ਦਾ ਜਮਾਵੜਾ ਵੀ ਜਾਰੀ ਹੈ।

ਅਮਰੀਕਾ ਵੱਲੋਂ ਜੰਗਬੰਦੀ ਸਮਝੌਤੇ ਲਈ ਪਾਕਿਸਤਾਨ ਦੇ ਰਾਹੀਂ ਪਹਿਲਾਂ ਤੋਂ ਸੁਨੇਹਾ ਦੇ ਕੇ ਭੇਜੇ 15 ਨੁਕਤੇ ਅਤੇ ਇਰਾਨ ਵੱਲੋਂ ਅੱਗੋਂ ਗੱਲਬਾਤ ਲਈ ਰੱਖੀਆਂ ਪੰਜ ਸ਼ਰਤਾਂ ਉੱਤੇ ਵਿਚਾਰ ਚਰਚਾ ਦਾ ਫਿਲਹਾਲ ਕੋਈ ਮਾਹੌਲ ਨਹੀਂ ਜਾਪਦਾ। ਇਜ਼ਰਾਈਲ ਤਾਂ ਪਹਿਲਾਂ ਤੋਂ ਹੀ ਇਰਾਨ ਨਾਲ ਕਿਸੇ ਵੀ ਸਮਝੌਤੇ ਦਾ ਸਖ਼ਤ ਵਿਰੋਧੀ ਹੈ ਤੇ ਅਮਰੀਕੀ ਸ਼ਮੂਲੀਅਤ ਵਾਲੀ ਇਸ ਜੰਗ ਨੂੰ ਇਰਾਨ ਦੀ ਤਬਾਹੀ ਦੇ ਇਕ ਸੁਨਹਿਰੀ ਮੌਕੇ ਵਜੋਂ ਵੇਖ ਰਿਹਾ ਹੈ। ਇੰਜ ਦੋਵੇਂ ਧਿਰਾਂ ਆਪਸੀ ਸਹਿਮਤੀ ਬਣਨ ਪੱਖੋਂ ਉਸ ਤੋਂ ਵੀ ਦੂਰ ਚਲੀਆਂ ਗਈਆਂ ਹਨ, ਜਿੱਥੇ ਜੰਗ ਲੱਗਣ ਤੋਂ ਪਹਿਲਾਂ ਸਨ। ਬੇਭਰੋਸਗੀ ਸਿਖਰ ਉੱਤੇ ਹੈ। ਜੰਗ ਹਰ ਤਰ੍ਹਾਂ ਦੀਆਂ ਹੱਦਾਂ ਲੰਘ ਜਾਣ ਵਾਲੇ ਪਾਸੇ ਤੁਰਦੀ ਜਾਪਦੀ ਹੈ।

ਅਮਰੀਕਾ ਦੀ 'ਬਿਊਰੋ ਔਫ ਕਾਊਂਟਰ ਟੈਰਰਿਜ਼ਮ' ਦੇ ਮੁਖੀ ਜੋਅ ਕੈਂਟ ਵੀ ਇਹ ਆਖ ਕੇ ਅਸਤੀਫਾ ਦੇ ਚੁੱਕਾ ਹੈ ਕਿ ਇਰਾਨ ਕੋਲੋਂ ਅਮਰੀਕਾ ਨੂੰ ਕੋਈ ਖ਼ਤਰਾ ਨਹੀਂ ਸੀ, ਸਗੋਂ ਇਰਾਨ ਉੱਤੇ ਹਮਲਾ ਟਰੰਪ ਤੇ ਨੇਤਨਯਾਹੂ ਦੀ ਜ਼ਿਆਦਤੀ ਹੈ, ਇਹ ਅਮਰੀਕਾ ਦੇ ਹਿੱਤ ਵਿੱਚ ਨਹੀਂ। ਅਮਰੀਕਾ ਦੇ 100 ਪ੍ਰਮੁੱਖ ਕਾਨੂੰਨੀ ਮਾਹਿਰਾਂ ਨੇ ਸਾਂਝਾ

ਬਿਆਨ ਦਿੱਤਾ ਹੈ ਕਿ ਅਮਰੀਕਾ- ਇਜ਼ਰਾਈਲ ਵੱਲੋਂ ਇਹ ਹਮਲਾ 'ਯੂ ਐਨ ਚਾਰਟਰ' ਦੀ ਉਲੰਘਣਾ ਹੈ। ਇਹ ਖਿੱਤਾ ਤੇਲ ਭੰਡਾਰਾਂ ਨਾਲ ਮਾਲਾਮਾਲ ਹੈ। ਇਸ ਖਿੱਤੇ ਵਿਚ ਹਰ ਤਰ੍ਹਾਂ ਦੀ ਫੌਜੀ ਚੁਣੌਤੀ ਨੂੰ ਪੈਦਾ ਨਾ ਹੋਣ ਦੇਣਾ ਅਮਰੀਕਾ ਦੀ ਯੁੱਧ ਨੀਤੀ ਹੈ। ਕੋਈ ਵੱਡੀ ਗੱਲ ਨਹੀਂ ਜੇ ਇਰਾਕ ਉੱਤੇ ਹਮਲੇ ਤੋਂ ਬਾਅਦ ਇਰਾਨ, ਉੱਤਰੀ ਕੋਰੀਆ, ਜਾਂ ਲਿਬੀਆ ਉੱਤੇ ਵੀ ਹਮਲਾ ਕਰ ਦਿੱਤਾ ਜਾਵੇ।

ਰੂਸੀ ਵਿਦੇਸ਼ ਮੰਤਰੀ ਲਾਵਰੋਵ ਦਾ ਵੀ ਤਾਜ਼ਾ ਬਿਆਨ ਕਿ ਇਰਾਕ, ਲਿਬੀਆ, ਸੀਰੀਆ ਨੂੰ ਬਰਬਾਦ ਕਰਨ ਤੋਂ ਬਾਅਦ ਹੁਣ ਇਨ੍ਹਾਂ ਦਾ ਇਰਾਨ ਉੱਤੇ ਹੱਲਾ ਜਾਰੀ ਹੈ। ਟਰੰਪ ਕਹਿੰਦਾ ਹੈ ਕਿ ਅਗਲਾ ਨੰਬਰ ਕਿਊਬਾ ਦਾ ਹੈ, ਕਿਊਬਾ ਦੀ ਮੁਕੰਮਲ ਨਾਕਾਬੰਦੀ ਕਰ ਦਿੱਤੀ ਗਈ ਹੈ। ਸੋਵੀਅਤ ਯੂਨੀਅਨ ਦੇ 15 ਦੇਸ਼ਾਂ ਵਿੱਚ ਵੰਡੇ ਜਾਣ ਉਪਰੰਤ 1992 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਜਾਰਜ ਬੁਸ਼ ਨੇ ਆਪਣੀ ਪਾਰਲੀਮੈਂਟ ਵਿਚ ਐਲਾਨ ਕੀਤਾ ਸੀ, "ਜਦੋਂ ਮੈਂ ਅਮਰੀਕਾ ਦਾ ਰਾਸ਼ਟਰਪਤੀ ਬਣਿਆ ਸੀ ਤਾਂ ਦੁਨੀਆ ਵਿੱਚ ਦੋ ਮਹਾਸ਼ਕਤੀਆਂ ਸਨ। ਮੈਂ ਫ਼ਖ਼ਰ ਨਾਲ ਐਲਾਨ ਕਰ ਰਿਹਾ ਹਾਂ ਕਿ ਦੂਜੀ ਮਹਾਸ਼ਕਤੀ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਹੁਣ ਅਮਰੀਕਾ ਹੀ ਇੱਕੋ ਇੱਕ ਮਹਾਸ਼ਕਤੀ ਹੈ।"

'ਇੱਕੋ ਇੱਕ ਮਹਾਸ਼ਕਤੀ ਹੋਣ ਵਾਲਾ ਨਸ਼ਾ ਟਰੰਪ ਦੇ ਆਉਣ ਤੋਂ ਬਾਅਦ ਤਾਂ ਏਨਾ ਸਿਰ ਨੂੰ ਚੜ੍ਹ ਗਿਆ ਕਿ ਉਸ ਨੇ ਆਪਣੇ ਫ਼ੌਜੀ ਗੱਠਜੋੜ 'ਨਾਟੋ ਦੇ ਮੈਂਬਰ ਦੇਸ਼ਾਂ (ਗਰੀਨਲੈਂਡ, ਕੈਨੇਡਾ) ਉੱਤੇ ਕਬਜ਼ਾ ਕਰ ਲੈਣ ਦੇ ਸ਼ਰੇਆਮ ਬਿਆਨ ਦੇਣੇ ਸ਼ੁਰੂ ਕਰ ਦਿੱਤੇ। ਕੁੱਲ ਦੁਨੀਆਂ ਉੱਤੇ ਇਕਪਾਸੜ ਟੈਰਿਫ ਵਧਾਉਣ ਦਾ ਐਲਾਨ ਕਰ ਦਿੱਤਾ। ਅਮਰੀਕਾ ਦੇ ਇਸ ਰਵੱਈਏ ਨੇ 'ਨਾਟੋ ਗੱਠਜੋੜ ਨੂੰ ਅੰਦਰੋਂ ਕਮਜ਼ੋਰ ਕਰ ਦਿੱਤਾ ਹੈ। ਇਸੇ ਲਈ ਟਰੰਪ ਦੀਆਂ ਵਾਰ-ਵਾਰ ਅਪੀਲਾਂ ਦੇ ਬਾਵਜੂਦ ਕੋਈ 'ਨਾਟੋ ਦੇਸ਼ ਅਮਰੀਕਾ ਨਾਲ ਇਰਾਨ ਵਿਰੁੱਧ ਲੜਨ ਲਈ ਨਹੀਂ ਆਇਆ। ਸਗੋਂ ਫਰਾਂਸ, ਸਪੇਨ, ਇਟਲੀ, ਜਰਮਨ, ਇੰਗਲੈਂਡ, ਸਵਿਟਜ਼ਰਲੈਂਡ, ਜਪਾਨ, ਆਸਟਰੇਲੀਆ, ਆਸਟਰੀਆ ਨੇ ਆਖਿਆ,"ਇਹ ਸਾਡੀ ਜੰਗ ਨਹੀਂ, ਇਸ ਲਈ ਸਾਡੇ ਏਅਰ ਸਪੇਸ ਵਰਤਣ ਦੀ ਅਮਰੀਕਾ ਨੂੰ ਇਜਾਜ਼ਤ ਨਹੀਂ ਹੈ।" ਇਟਲੀ ਨੇ ਤਾਂ ਅਮਰੀਕੀ ਜਹਾਜ਼ ਆਪਣੀ ਧਰਤੀ 'ਤੇ ਉਤਰਨ ਹੀ ਨਹੀਂ ਦਿੱਤੇ। ਅਮਰੀਕਾ ਨੇ ਵੀ ਅੱਗੋਂ ਆਖ ਦਿੱਤਾ, "ਯੂਕਰੇਨ ਵੀ ਫਿਰ ਸਾਡੀ ਜੰਗ ਨਹੀਂ।" ਸ਼ਾਇਦ ਹੁਣ 'ਨਾਟੋ ਦਾ ਵਜੂਦ ਪਹਿਲਾਂ ਵਾਲਾ ਨਹੀਂ ਰਹਿ ਸਕੇਗਾ।


ਆਮ ਲੋਕ ਸੋਚਦੇ ਹਨ ਕਿ ਜੇ ਪ੍ਰਮਾਣੂ ਬੰਬਾਂ ਨਾਲ ਲੈਸ ਮੁਲਕਾਂ ਨੇ ਇਹ ਧੌਂਸ ਦਿਖਾ ਕੇ ਦੂਜੇ ਮੁਲਕਾਂ ਦਾ ਇਰਾਨ ਵਾਲਾ ਹਾਲ ਕਰਨਾ ਹੈ, ਤਾਂ ਫਿਰ 'ਮਰਦਾ ਕੀ ਨਹੀਂ ਕਰਦਾ ਦੇ ਅਖਾਣ ਮੁਤਾਬਕ ਉਨ੍ਹਾਂ ਕੋਲ ਵੀ ਅੱਗੋਂ ਉੱਤਰੀ ਕੋਰੀਆ ਵਾਂਗ ਐਟਮ ਬੰਬ ਬਣਾ ਕੇ ਆਪਣਾ ਬਚਾਅ ਕਰ ਲੈਣ ਤੋਂ ਸਿਵਾਏ ਹੋਰ ਚਾਰਾ ਵੀ ਕੀ ਹੈ? ਟਰੰਪ ਤਾਂ ਕਹਿ ਚੁੱਕਾ ਹੈ, ਜ਼ਰਾ ਕੁ ਇੰਤਜ਼ਾਰ ਕਰੋ, ਇਰਾਨੀ ਤੇਲ ਵੀ ਸਾਡਾ ਹੋਵੇਗਾ।" ਇਜ਼ਰਾਈਲ ਇਸ ਜੰਗ ਦੀ ਆੜ ਵਿੱਚ "ਗਰੇਟਰ ਇਜ਼ਰਾਈਲ ਏਜੰਡੇ ਤਹਿਤ ਲੈਬਨਾਨ ਦੇ ਦੱਖਣੀ ਇਲਾਕੇ ਉੱਤੇ 'ਲਿਤਾਨੀ ਦਰਿਆ ਜੋ ਇਜ਼ਰਾਇਲੀ ਹੱਦ ਤੋਂ 30 ਕਿਲੋਮੀਟਰ ਦੂਰ ਹੈ ਤੱਕ ਕਬਜ਼ਾ ਕਰਨ ਲਈ ਲੜ ਰਿਹਾ ਹੈ।

ਪਿਛਲੇ ਸਾਲ ਸੀਰੀਆ ਦੇ ਇਲਾਕੇ ਅਤੇ ਪਹਿਲਾਂ ਗਾਜ਼ਾ ਉੱਤੇ ਵੀ ਇਸ ਨੇ ਕਬਜ਼ਾ ਕੀਤਾ, ਜਦਕਿ ਇਰਾਨ ਵਾਸਤੇ ਇਹ ਥੋਪੀ ਗਈ ਜੰਗ ਲੜਨਾ ਆਪਣੀ ਹੋਂਦ ਅਤੇ ਅਣਖ ਨੂੰ ਬਚਾਉਣ ਦਾ ਕੌਮੀ ਯੁੱਧ ਬਣ ਗਿਆ ਹੈ। ਇੱਕ ਮਹੀਨੇ ਦੀ ਲੜਾਈ ਦਾ ਨਿਚੋੜ ਇਹ ਹੈ ਕਿ ਅਮਰੀਕਾ ਇਜ਼ਰਾਈਲ ਦੇ ਹਮਲੇ ਦਾ ਕੋਈ ਵੀ ਮਕਸਦ ਪੂਰਾ ਨਹੀਂ ਹੋਇਆ। ਇਸ ਨੇ ਆਪਣੇ ਪੱਖੀ ਸਰਕਾਰ ਜ਼ਬਰਦਸਤੀ ਬਣਾਉਣੀ ਸੀ, ਸਗੋਂ ਉਲਟਾ ਇਰਾਨੀ ਆਗੂਆਂ ਦੇ ਕਤਲਾਂ ਦੇ ਬਾਵਜੂਦ 'ਰਾਇਟਰਜ਼' ਦੀ ਰਿਪੋਰਟ ਹੈ ਕਿ ਸਰਕਾਰ ਨੂੰ ਲੋਕਾਂ ਦੀ ਹਮਾਇਤ ਬਹੁਤ ਵਧ ਗਈ ਹੈ। ਪ੍ਰਮਾਣੂ ਮੁੱਦੇ ਬਾਰੇ ਤਾਂ ਸੰਭਾਵਨਾ ਹੈ ਕਿ ਇਰਾਨ ਪ੍ਰਮਾਣੂ ਬੰਬ ਬਣਾਉਣ ਨੂੰ ਹੁਣ ਆਪਣੀ ਜ਼ਰੂਰਤ ਵਜੋਂ ਪੇਸ਼ ਕਰਨ ਵੱਲ ਵਧੇਗਾ। ਇਰਾਨ ਦੀ ਮਿਜ਼ਾਈਲ ਡਰੋਨ ਸ਼ਕਤੀ ਅਜਿੱਤ ਜਾਪਣ ਲੱਗੀ ਹੈ। ਟਰੰਪ ਜਦੋਂ ਸੰਬੋਧਨ ਵਿੱਚ ਕਹਿ ਰਿਹਾ ਸੀ ਕਿ ਇਰਾਨ ਦੀ ਲੜਨ ਸ਼ਕਤੀ ਖ਼ਤਮ ਕਰ ਦਿੱਤੀ ਗਈ ਹੈ ਤਾਂ ਉਸ ਤੋਂ 34 ਮਿੰਟ ਬਾਅਦ ਇਰਾਨ ਨੇ ਇਜ਼ਰਾਈਲ ਉੱਤੇ ਜੋ ਹਮਲਾ ਕੀਤਾ, ਉਸ ਬਾਰੇ ਇਜਰਾਈਲ ਨੇ ਕਿਹਾ ਕਿ ਇਹ ਹੁਣ ਤਕ ਦਾ ਸਭ ਤੋਂ ਵੱਡਾ ਹਮਲਾ ਸੀ। ਇਰਾਨ ਦੇ ਹੌਸਲੇ ਬੁਲੰਦ ਹਨ। ਹਾਲਾਂਕਿ ਆਰਥਿਕ ਨੁਕਸਾਨ ਦਾ ਕੋਈ ਹਿਸਾਬ ਹੀ ਨਹੀਂ ਹੈ।

ਹੋਰਮੂਜ਼ ਸਮੁੰਦਰੀ ਲਾਂਘਾ ਅਮਰੀਕਾ-ਇਜ਼ਰਾਈਲ ਤੇ ਉਨ੍ਹਾਂ ਦੇ ਸਹਿਯੋਗੀਆਂ ਲਈ ਇਰਾਨ ਨੇ ਫਿਲਹਾਲ ਬੰਦ ਕਰ ਦਿੱਤਾ ਹੈ। ਮੱਧ ਪੂਰਬੀ ਅਰਬ ਦੇਸ਼ਾਂ ਨੂੰ ਇਰਾਨ ਉੱਤੇ ਹਮਲੇ ਲਈ ਅਮਰੀਕਾ ਨੂੰ ਫ਼ੌਜੀ ਅੱਡੇ ਮੁਹੱਈਆ ਕਰਾਉਣ ਦੀ ਕਾਰਵਾਈ ਬਹੁਤ ਮਹਿੰਗੀ ਪਈ ਹੈ ਕਿਉਂਕਿ ਉਨ੍ਹਾਂ ਦਾ ਕਾਰੋਬਾਰ ਚੌਪਟ ਹੋਣ ਵੱਲ ਹੈ।

**ਬਾਕੀ ਸਫਾ ਨੰ 15 'ਤੇ**

# ਸਤਿਗੁਰੂ ਦਰਸ਼ਨ ਨਾਲ ਰੌਸ਼ਨਾਇਆ ਪੰਜਾਬੀ ਸੱਥ ਦਾ ਵਿਹੜਾ



**ਡਾ. ਲਖਵੀਰ ਸਿੰਘ ਰਾਮਪੁਰਾ ਫੂਲ**
**98768-50680**

31 ਮਾਰਚ 2026 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਅਪਾਰ ਬਖਸ਼ਿਸ਼ ਕਰਦਿਆਂ ਜ਼ਿਲ੍ਹਾ ਜਲੰਧਰ ਦੇ ਪਿੰਡ ਲਾਂਬੜਾ ਵਿਖੇ ਦਰਸ਼ਨ ਦਿੱਤੇ ਅਤੇ ਇੱਥੇ ਸ਼ਹੀਦ ਬਾਬਾ ਖੁਸ਼ਹਾਲ ਸਿੰਘ ਖਾਲਸਾ ਸੀਨੀਅਰ ਸਕੂਲ ਵਿੱਚ ਬਣੇ "ਸਾਡੀ ਵਿਰਾਸਤ" ਮਿਊਜ਼ੀਅਮ ਨੂੰ ਵੇਖਿਆ ਤੇ ਨਿਹਾਰਿਆ। ਪੰਜਾਬੀ ਸੱਥ ਦੇ ਸਰਪ੍ਰਸਤ ਡਾ. ਨਿਰਮਲ ਸਿੰਘ ਜੀ, ਸ਼ਹੀਦ ਖੁਸ਼ਹਾਲ ਸਿੰਘ ਖਾਲਸਾ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਧਾਨ ਸ. ਬਲਦੇਵ ਸਿੰਘ ਸਿੱਧੂ, ਸ. ਸੁਖਦੇਵ ਸਿੰਘ, ਸ਼ਦਰਸਨ ਸਿੰਘ, ਮਲਵਈ ਪੰਜਾਬੀ ਸੱਥ ਦੇ ਸੇਵਾਦਾਰ ਡਾ. ਲਖਵੀਰ ਸਿੰਘ, ਰਾਜਵੰਤ ਕੌਰ ਰਾਮਪੁਰਾ ਫੂਲ, ਬਲਜਿੰਦਰ ਕੌਰ ਲਾਂਬੜਾ, ਸਕੂਲ ਦੇ ਵਾਈਸ ਪ੍ਰਿੰਸੀਪਲ ਮੈਡਮ ਰਵਿੰਦਰ ਕੌਰ ਅਤੇ ਸਕੂਲ ਸਟਾਫ ਨੇ ਸ੍ਰੀ ਸਤਿਗੁਰੂ ਜੀ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਭਰਵਾਂ ਸਵਾਗਤ ਕੀਤਾ ਅਤੇ ਜੀਓ ਆਇਆਂ ਆਖਿਆ।

**ਲਾਂਬੜਾ ਵਿਖੇ ਬਣੇ ਇਸ ਸ਼ਹੀਦ ਬਾਬਾ ਖੁਸ਼ਹਾਲ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ** ਦੇ ਇਤਿਹਾਸ ਤੇ ਪਿਛਲ ਝਾਤ ਮਾਰੀਏ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ 12 ਮਿਸਲਾਂ ਸਨ। ਇਹਨਾਂ 12 ਮਿਸਲਾਂ ਵਿੱਚ ਸਿੰਘਪੁਰੀਆ ਮਿਸਲ ਆਪਣਾ ਵਿਸ਼ੇਸ਼ ਸਥਾਨ ਰੱਖਦੀ ਸੀ। ਜਿਸ ਦੇ ਆਗੂ ਮਹਾਨ ਸਿੱਖ ਜਰਨੈਲ ਨਵਾਬ ਕਪੂਰ ਸਿੰਘ ਸਨ। 1753 ਈ. ਵਿੱਚ ਉਹਨਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਹਨਾਂ ਦਾ ਭਤੀਜਾ ਸਰਦਾਰ ਖੁਸ਼ਹਾਲ ਸਿੰਘ ਸਿੰਘਪੁਰੀਆ ਮਿਸਲ ਦਾ ਮੁਖੀ ਬਣਿਆਂ। 1759 ਈ. ਵਿੱਚ ਜਲਦੀ ਹੀ ਖੁਸ਼ਹਾਲ ਸਿੰਘ ਨੇ ਜਲੰਧਰ, ਮਹੰਗਰਵਾਲ ਅਤੇ ਲਾਂਬੜਾ ਦੇ ਇਲਾਕੇ ਜਿੱਤ ਲਏ। ਸਰਦਾਰ ਖੁਸਹਾਲ ਸਿੰਘ ਨੇ ਯੋਗ ਨੀਤੀਆਂ ਅਤੇ ਫੌਜੀ ਸ਼ਕਤੀਆਂ ਨਾਲ ਆਪਣੇ ਰਾਜ ਭਾਗ ਦਾ ਚੋਖਾ ਵਿਸਥਾਰ ਕੀਤਾ। ਜਿੱਤਾਂ ਪ੍ਰਾਪਤ ਕਰਦਾ ਹੀ ਖੁਸ਼ਹਾਲ ਸਿੰਘ 1795 ਈ. ਵਿੱਚ ਲਾਂਬੜਾ ਵਿਖੇ ਹੋਈ ਜੰਗ ਵਿੱਚ ਸ਼ਹੀਦ ਹੋ ਗਿਆ। ਜਿਸ ਥਾਂ ਤੇ ਉਹਨਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ, ਉਸ ਥਾਂ ਤੇ ਅੱਜ ਬਾਬਾ ਖੁਸਹਾਲ ਸਿੰਘ ਦੀ ਯਾਦ ਵਿੱਚ ਗੁਰਦੁਆਰਾ ਸਥਾਪਿਤ ਹੈ ਅਤੇ ਜਿਸ ਸਥਾਨ ਤੇ ਲਾਂਬੜਾ ਵਿਖੇ ਇਹ ਜੰਗ ਹੋਈ ਸੀ ਉਸ ਸਥਾਨ ਤੇ ਬਾਬਾ ਖੁਸ਼ਹਾਲ ਸਿੰਘ ਖਾਲਸਾ ਮਾਡਲ ਸੀਨੀਅਰ ਸੈਕੰਡਰੀ ਸਕੂਲ ਸਥਾਪਿਤ ਹੈ। ਸਕੂਲ ਨੂੰ ਵਿਕਾਸ ਦੀਆਂ ਲੀਹਾਂ ਤੇ ਤੋਰਨ ਲਈ ਇਲਾਕੇ ਦੇ ਲੋਕਾਂ ਦੇ ਸਾਂਝੇ ਇਕੱਠ ਵੱਲੋਂ ਸ਼ਹੀਦ ਬਾਬਾ ਖੁਸਹਾਲ ਸਿੰਘ ਸੈਕੰਡਰੀ ਸਕੂਲ ਦੀ ਮੈਨੇਜਿੰਗ ਕਮੇਟੀ ਦੇ ਪਹਿਲੇ ਪ੍ਰਧਾਨ ਸ. ਪਿਆਰਾ ਸਿੰਘ ਜੀ ਨੂੰ ਅਤੇ ਜਨਰਲ ਸਕੱਤਰ ਡਾ. ਨਿਰਮਲ ਸਿੰਘ ਜੀ ਨੂੰ ਚੁਣਿਆਂ ਗਿਆ।

### ਡਾ. ਨਿਰਮਲ ਸਿੰਘ ਜੀ ਦੇ ਜੀਵਨ ਦੇ ਮੁੱਢਲੇ ਪਲ

ਡਾ. ਨਿਰਮਲ ਸਿੰਘ ਜੀ ਦਾ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਤੋਂ ਐਮ.ਬੀ.ਬੀ.ਐਸ ਕਰਦਿਆਂ ਸੁਰੂ ਵਿੱਚ ਮਾਰਕਸਵਾਦ ਵੱਲ ਝੁਕਾਅ ਸੀ। ਆਪ ਨਕਸਲਾਈਟ ਮੂਵਮੈਂਟ ਦੇ ਸਾਥੀਆਂ ਨਾਲ ਵੀ ਨੇੜਿਓਂ ਵਿਚਰੇ। ਡਾਕਟਰ ਸਾਹਿਬ ਨੇ ਮੈਡੀਕਲ ਅਫ਼ਸਰ ਦੇ ਤੌਰ ਤੇ ਕਾਰਜ ਕਰਨ ਲਈ ਪੱਛੜੇ ਪੰਜਾਬ ਦੀ ਸਿਹਤ ਜਾਗਰੂਕਤਾ ਲਈ ਪਿੰਡਾਂ ਨੂੰ ਚੁਣਿਆ, ਦਿਨ ਰਾਤ ਮਰੀਜ਼ਾਂ ਦੀ ਸੇਵਾ ਕੀਤੀ ਅਤੇ ਸਮਾਜ ਭਲਾਈ ਲਈ ਅਣਥੱਕ ਕਾਰਜ ਕੀਤੇ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਅਤੇ ਲੋਕਾਂ ਨੂੰ ਅਪਣਾ ਮੂਲ ਪਛਾਨਣ ਲਈ ਜਾਗਰਤ ਕਰਨ ਦੀ ਮਿਸਾਲ ਉਹਨਾਂ ਅੰਦਰ ਲਟ-ਲਟ ਬਲਦੀ ਹੈ।

### ਪੰਜਾਬੀ ਸੱਥ ਦੀ ਸਥਾਪਨਾ

ਉਹਨਾਂ 1991 ਈ. ਵਿੱਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ "ਪੰਜਾਬੀ ਸੱਥ" ਨਾਂਅ ਦੀ ਇਕ ਸੰਸਥਾ ਦੀ ਨੀਂਹ ਰੱਖੀ। ਧਰਮਾਂ, ਜਾਤਾਂ, ਜਥੇਬੰਦੀਆਂ, ਗੁਟਬੰਦੀਆਂ, ਰਾਜਨੀਤਿਕ ਤਾਣੇ ਬਾਣੇ ਦੇ ਸਵਾਰਥੀ ਵਰਤਾਰਿਆਂ ਤੋਂ ਉਪਰ ਉਠਕੇ ਆਪ ਨੇ ਪੰਜਾਬੀ ਮਾਂ ਬੋਲੀ,

ਪੰਜਾਬੀ ਸੱਭਿਅਤਾ, ਵਾਤਾਵਰਨ, ਨਦੀਆਂ-ਵੇਈਆਂ ਵਿੱਚ ਪਲੀਤ ਹੋ ਰਹੇ ਪਾਣੀ ਨੂੰ ਬਚਾਉਣ ਲਈ, ਆਪਣਾ ਮੂਲ ਪਛਾਣਕੇ ਆਪਣੀਆਂ ਪੁਸ਼ਤੈਨੀ ਜੜ੍ਹਾਂ ਨਾਲ ਜੁੜਨ ਲਈ ਸਾਰਥਕ ਯਤਨ ਕੀਤੇ ਅਤੇ ਕਾਮਯਾਬੀਆਂ ਦੀਆਂ ਮੰਜ਼ਿਲਾਂ ਨੂੰ ਛੋਹਿਆ। ਭਾਰਤ ਪਾਕਿਸਤਾਨ ਦੀਆਂ ਰਾਜਨੀਤਿਕ ਲਕੀਰਾਂ ਨੂੰ ਲੋਕ ਮਨਾਂ ਵਿੱਚੋਂ ਮਿਟਾਕੇ ਲੋਕਾਂ ਨੂੰ ਏਕੇ ਦਾ ਸੰਕਲਪ ਦਿੱਤਾ । ਜਲਦੀ ਹੀ ਪੰਜਾਬੀ ਸੱਥ ਨੇ ਆਲਮੀ ਰੂਪ ਲੈ ਲਿਆ। ਪੰਜਾਬੀ ਸੱਥ ਰੂਪੀ ਬੋਹੜ ਦੀਆਂ 52 ਸਾਖਾਵਾਂ ਸੰਸਾਰ ਪੱਧਰ ਤੇ ਫੈਲ ਗਈਆਂ। ਡਾ.ਨਿਰਮਲ ਸਿੰਘ ਜੀ ਦੀ ਅਗਵਾਈ ਵਿੱਚ ਪੰਜਾਬੀ ਸੱਥ ਦੀਆਂ ਸਾਖਾਵਾਂ ਦੇ ਸੇਵਾਦਾਰਾਂ ਦੁਆਰਾ ਸੰਸਾਰ ਭਰ ਵਿੱਚ ਪੰਜਾਬੀ ਸੱਭਿਅਤਾ ਦੇ ਕਾਰਜ ਹੋਣ ਲੱਗੇ। ਪੰਜਾਬੀ ਸੱਥ ਨੇ ਸਾਡੇ ਪੁਰਾਤਨ ਪੰਜਾਬ ਵਿੱਚ ਆਪਣੀਆਂ ਇਕਾਈਆਂ ਸਥਾਪਿਤ ਕਰਨ ਸਮੇਂ ਵੀ ਪੁਰਾਤਨ ਇਲਾਕਿਆਂ ਦੇ ਇਲਾਕਾਈ ਨਾਵਾਂ ਮੁਤਾਬਿਕ ਸੱਥਾਂ ਦੇ ਨਾਮ ਰੱਖੇ ਹਨ। ਜਿਵੇਂ ਮਾਲਵੇ ਇਲਾਕੇ ਵਿੱਚ ਮਲਵਈ ਪੰਜਾਬੀ ਸੱਥ, ਮਾਝੇ ਇਲਾਕੇ ਵਿੱਚ ਮਾਝਾ ਪੰਜਾਬੀ ਸੱਥ, ਪੁਆਧੀ, ਦੋਆਬੀ, ਰਿਆੜਕੀ, ਢਾਹਾ, ਦੋਨਾਂ, ਸਰਹੰਦ, ਹੁਸੈਨੀਵਾਲਾ, ਹਿਮਾਚਲੀ, ਬਾਗੜ, ਲੱਖੀ ਜੰਗਲ, ਮੰਜਕੀ ਪੰਜਾਬੀ ਸੱਥ ਆਦਿ। ਪੰਜਾਬੀ ਸੱਥ ਦੀਆਂ ਪੰਜਾਬ ਅਤੇ ਪੰਜਾਬ ਦੇ ਨਾਲ ਲਗਦੇ ਪੰਜਾਬੀ ਇਲਾਕਿਆਂ ਵਿੱਚ 36 ਇਕਾਈਆਂ ਹਨ ਅਤੇ ਯੂ.ਕੇ, ਕੈਨੇਡਾ, ਅਮਰੀਕਾ, ਜਰਮਨੀ, ਆਸਟ੍ਰੇਲੀਆ, ਪਾਕਿਸਤਾਨ ਅਤੇ ਕੁਵੈਤ ਵਿੱਚ ਕੁੱਲ 16 ਇਕਾਈਆ ਹਨ।

**ਭਰਾਤਰੀ ਜੱਥੇਬੰਦੀਆਂ**

ਜਿੱਥੇ ਪੰਜਾਬੀ ਸੱਥ ਦੀਆਂ ਦੁਨੀਆਂ ਭਰ ਵਿੱਚ 52 ਸਾਖਾਵਾਂ ਹਨ ਉੱਥੇ ਉਸਾਰੂ ਸਮਾਜ ਦੀ ਸਿਰਜਣਾ ਲਈ ਤਤਪਰ ਪੰਜਾਬ ਦੀਆਂ ਨਿਰਸਵਾਰਥ ਕਾਰਜ ਕਰਨ ਵਾਲੀਆਂ ਮੰਨੀਆਂ ਪ੍ਰਮੰਨੀਆਂ ਉੱਘੀਆਂ ਸੰਸਥਾਵਾਂ ਪੰਜਾਬੀ ਸੱਥ ਦੇ ਮੋਢੇ ਨਾਲ ਮੋਢਾ ਲਾ ਕੇ ਕਾਰਜ ਕਰਦੀਆਂ ਹਨ ਭਾਵੇਂ ਉਹ ਬਾਬਾ ਬਲਬੀਰ ਸਿੰਘ ਸੀਚੇਵਾਲ ਹੋਣ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ ਹੋਣ, ਬੀਬੀ ਇੰਦਰਜੀਤ ਕੌਰ ਪਿੰਗਲਵਾੜੇ ਵਾਲੇ ਹੋਣ, ਡਾ. ਕੁਲਵੰਤ ਕੌਰ ਪਟਿਆਲਾ ਮਾਈ ਭਾਗੋ ਬ੍ਰਿਗੇਡ ਵਾਲੇ ਹੋਣ, ਸਾਡਾ ਪੰਜਾਬ, ਮੀਡੀਆ ਪੰਜਾਬ ਜਰਮਨੀ, ਬਾਬਾ ਆਇਆ ਸਿੰਘ ਕਾਲਜ ਰਿਆੜਕੀ ਪ੍ਰਿੰ. ਸਵਰਨ ਸਿੰਘ ਵਿਰਕ, ਧਰਤ ਸੁਹਾਵੀ ਵਾਲੇ ਹੋਣ ਤੇ ਭਾਵੇਂ ਚੁਗਿਰਦਾ ਬਚਾਓ ਕਮੇਟੀ ਦੇ ਕੈਪਟਨ ਸਰਬਜੀਤ ਸਿੰਘ ਢਿੱਲੋਂ ਹੋਣ।

**ਪੰਜ ਨਦਾ ਪ੍ਰਕਾਸ਼ਨ ਸਥਾਪਿਤ**

ਪੰਜਾਬੀ ਸੱਥ ਦਾ ਆਪਣਾ ਪੰਜਨਦ ਪ੍ਰਕਾਸ਼ਨ ਹੈ। ਪੰਜਾਬੀ ਸੱਥ ਦੇ ਸਰਪ੍ਰਸਤ ਡਾ. ਨਿਰਮਲ ਸਿੰਘ ਅਤੇ ਯੂਰਪੀਅਨ ਪੰਜਾਬੀ ਸੱਥ ਅਤੇ ਵਿਦੇਸੀ ਸੱਥਾਂ ਦੇ ਸਰਪ੍ਰਸਤ ਪ੍ਰੋ. ਮੋਤਾ ਸਿੰਘ ਸਰਾਏ ਦੀ ਅਗਵਾਈ ਵਿੱਚ ਪੰਜਾਬੀ ਸੱਥ ਨੇ ਕਰੋੜਾਂ ਰੁਪਿਆ ਖਰਚ ਕੇ ਹੁਣ ਤੱਕ 500 ਤੋਂ ਜਿਆਦਾ ਕਿਤਾਬਾਂ ਮਾਂ ਬੋਲੀ ਦੀ ਝੋਲੀ ਪਾਈਆਂ ਹਨ ਅਤੇ ਦੁਨੀਆਂ ਵਿੱਚ ਪੰਜਾਬੀਆਂ ਦੇ ਹੱਥਾਂ ਵਿੱਚ ਭੇਜੀਆਂ ਹਨ। ਸੱਥ ਨੇ ਅਨੇਕਾਂ ਖੋਜ ਕਾਰਜ ਕਰਵਾਕੇ ਵਡਮੁੱਲੇ ਇਤਿਹਾਸਿਕ ਮੀਲ ਪੱਥਰ ਸਥਾਪਿਤ ਕੀਤੇ ਹਨ ਅਤੇ ਕਰ ਰਹੇ ਹਨ। ਪੰਜਾਬੀ ਮਾਂ ਬੋਲੀ ਦੇ ਸਰਬਪੱਖੀ ਵਿਕਾਸ ਲਈ ਪੰਜਾਬੀ ਸੱਥ ਦਾ ਇਹ ਪ੍ਰਮੁੱਖ ਨਾਅਰਾ ਹੈ-

ਮਾਂ ਬੋਲੀ ਜੇ ਭੁੱਲ ਜਾਵੋਗੇ। ਕੱਖਾਂ ਵਾਂਗੂੰ ਰੁਲ ਜਾਵੋਗੇ।

ਪੰਜਾਬੀ ਸੱਥ ਵੱਲੋਂ ਹਰ ਵਰ੍ਹੇ ਪੰਜਾਬ, ਪੰਜਾਬੀ, ਪੰਜਾਬੀਅਤ, ਇਨਸਾਨੀਅਤ, ਮਾਂ ਬੋਲੀ, ਗਿਆਨ, ਵਿਗਿਆਨ ਸਮਾਜ ਸੇਵਾ, ਕਿਸੇ ਵੀ ਕਲਾ ਵਿੱਚ ਵਿਸ਼ੇਸ਼ ਨਿਪੁੰਨਤਾ ਜਾਂ ਕੋਈ ਵੀ ਉਸਾਰੂ ਕਾਰਜ ਕਰਨ ਵਾਲੇ ਵਿਅਕਤੀਆਂ ਨੂੰ ਪੁਰਸਕਾਰਾਂ ਨਾਲ ਨਿਵਾਜਿਆ ਜਾਂਦਾ ਹੈ।ਪੰਜਾਬੀ ਸੱਥ ਦੀਆਂ ਸਾਖਾਵਾਂ ਦੁਆਰਾ ਵੀ ਆਪਣੇ ਆਪਣੇ ਇਲਾਕਿਆਂ ਵਿੱਚ ਅਜਿਹੇ ਸਮਾਗਮ ਕੀਤੇ ਜਾਂਦੇ ਹਨ।ਪੰਜਾਬੀ ਸੱਥ ਵੱਲੋਂ 2025 ਦੇ 25 ਵੇਂ ਵਰ੍ਹੇਵਾਰ ਸਮਾਗਮ ਸਮੇਂ 25 ਸਖਸ਼ੀਅਤਾਂ ਨੂੰ 25-25 ਹਜ਼ਾਰ ਰੁ ਸੇਵਾ ਫਲ ਦੇ ਕੇ ਸਨਮਾਨਿਤ ਕੀਤਾ ਗਿਆ ਹੈ ਅਤੇ ਇਹਨਾਂ ਸਖ਼ਸੀਅਤਾਂ ਨੂੰ ਸਮਰਪਿਤ ਇਕ ਰੰਗਦਾਰ ਮੈਗਜ਼ੀਨ ਵੀ ਛਾਪਿਆ ਗਿਆ। ਵੱਖ-ਵੱਖ ਇਲਾਕਾਈ ਪੰਜਾਬੀ ਸੱਥਾਂ ਵਾਂਗ ਮਲਵਈ ਪੰਜਾਬੀ ਸੱਥ ਰਾਮਪੁਰਾ ਫੂਲ ਵੱਲੋਂ ਅਸੀਂ ਹੁਣ ਤੱਕ 13 ਸਮਾਗਮ ਕਰ ਚੁੱਕੇ ਹਾਂ ਅਤੇ ਮਾਲਵੇ ਵਿੱਚ ਨਿਰਸਵਾਰਥ ਕਾਰਜ ਕਰਨ ਵਾਲੀਆਂ ਲੱਗਭੱਗ 40 ਮਾਣਮੱਤੀਆਂ ਸਖ਼ਸ਼ੀਅਤਾਂ ਨੂੰ ਸਨਮਾਨਿਤ ਕਰਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।

**'ਸਾਡੀ ਵਿਰਾਸਤ' ਮਿਊਜ਼ੀਅਮ**

ਸ਼ਹੀਦ ਬਾਬਾ ਖੁਸ਼ਹਾਲ ਸਿੰਘ ਸੈਕੰਡਰੀ ਸਕੂਲ ਵਿੱਚ ਬਣਿਆ ਵਿਰਾਸਤ ਭਵਨ 'ਸਾਡੀ ਵਿਰਾਸਤ' ਵੀ ਡਾ. ਨਿਰਮਲ ਸਿੰਘ ਜੀ ਦਾ ਆਪਣੇ ਵਿਰਸੇ ਪ੍ਰਤੀ ਜਾਣ ਕੇ ਆਪਣਾ ਮੂਲ ਪਛਾਨਣ ਦਾ ਇੱਕ ਯਤਨ ਹੈ। ਸਾਡੇ ਪੰਜਾਬੀ ਵਿਰਸੇ, ਸੱਭਿਆਚਾਰ, ਇਤਿਹਾਸ ਅਤੇ ਪੰਜਾਬ ਦੀਆਂ ਆਦਿ ਕਾਲ ਤੋਂ ਹਰ ਤਰਾਂ ਦੀਆਂ ਗਤੀਵਿਧੀਆਂ ਦੀ ਮੂੰਹੋਂ ਬੋਲਦੀ ਤਸਵੀਰ ਹੈ ਇਹ ਅਜਾਇਬ ਘਰ ਭਾਵੇਂ ਅਨੇਕਾਂ

ਧਾਰਮਿਕ, ਸਮਾਜਿਕ, ਸੱਭਿਆਚਾਰਕ, ਦੇਸ਼ ਸੇਵਕ ਜੱਥੇਬੰਦੀਆਂ, ਬੁੱਧੀਜੀਵੀ, ਮਨੋਵਿਗਿਆਨੀ, ਚਿੰਤਕ ਸਾਡੀ ਅਮੀਰ ਪੰਜਾਬੀ ਵਿਰਾਸਤ, ਸੱਭਿਆਚਾਰ, ਵਾਤਾਵਰਨ, ਮਾਂ ਬੋਲੀ ਦੀ ਸਾਂਭ ਸੰਭਾਲ ਅਤੇ ਵਿਕਾਸ ਵਿੱਚ ਲੱਗੇ ਹੋਏ ਹਨ ਪਰ "ਪੰਜਾਬੀ ਸੱਥ ਲਾਂਬੜਾ" ਦੀਆਂ ਕੋਸ਼ਿਸ਼ਾਂ ਦੇਖ ਕੇ ਹਰ ਉਸਾਰੂ ਭਾਵਨਾਂ ਵਾਲੇ ਮਨੁੱਖ ਦਾ ਮਨ ਬਾਗੋ-ਬਾਗ ਹੋ ਜਾਂਦਾ ਹੈ। ਨਵੇਂ ਤਜਰਬੇ ਦੇ ਰੂਪ ਵਿੱਚ ਪੁਰਾਤਨ ਨਿਸ਼ਾਨੀਆਂ ਸੰਭਾਲਣ ਲਈ ਪੰਜਾਬੀ ਸੱਥ ਨੇ ਆਪਣੇ ਵਿਰਾਸਤ ਭਵਨ ਵਿੱਚ ਸੰਦੂਕ, ਭੜੋਲੇ, ਹਾਰੇ, ਹਾਰੀਆਂ, ਚਾਟੀਆਂ, ਮਧਾਣੀਆਂ, ਛਿੱਕੂ, ਇਨੂੰ, ਕੌਲੇ, ਛੰਨੇ, ਬਲਟੋਈਆਂ, ਤਪਲੇ, ਪੌਣੇ, ਮੱਟ, ਮੱਟੀਆਂ, ਹਲ, ਪੰਜਾਲੀਆਂ, ਟਿੰਡਾਂ, ਮਿੱਟੀ ਦੇ ਚੁੱਲੇ, ਕੰਧੋਲੀਆਂ, ਪਲੀਆਂ, ਵੱਟੇ, ਤੱਕੜੀਆਂ, ਗਾਗਰਾਂ, ਖੇਤੀ ਵਾਲੇ ਪੁਰਾਣੇ ਸੰਦ ਸੰਦੇੜੇ, ਚੁੱਲੇ, ਚੌਂਕੇ, ਹਾਰ ਸ਼ਿੰਗਾਰ ਦੀਆਂ ਚੀਜ਼ਾਂ, ਪਸੂਆਂ, ਊੱਠਾਂ- ਬਲਦਾਂ, ਘੋੜਿਆਂ ਨੂੰ ਸੰਭਾਲਣ ਲਈ ਵਰਤੋਂ ਵਿੱਚ ਆਉਂਦੀਆਂ ਵਸਤੂਆਂ ਸਭ ਸੰਭਾਲੀਆਂ ਅਤੇ ਸਜਾਈਆਂ ਹੋਈਆਂ ਹਨ। ਪੰਜਾਬ, ਪੰਜਾਬੀ, ਪੰਜਾਬੀਅਤ ਨੂੰ ਸਮਰਪਿਤ ਨਾਮਵਰ, ਬੀਤ ਚੁੱਕੇ, ਵਰਤਮਾਨ, ਹਰ ਪੰਜਾਬੀ ਦੇਸ਼ ਭਗਤ, ਆਜ਼ਾਦੀ ਘੁਲਾਟੀਏ, ਸ਼ਹੀਦ,ਕਲਾਕਾਰ, ਅਖਬਾਰਾਂ ਦੇ ਸੰਪਾਦਕਾਂ, ਬੁੱਧੀ-ਜੀਵੀਆਂ, ਵਿਗਿਆਨੀਆਂ, ਲੇਖਕਾਂ, ਸਾਹਿਤਕਾਰਾਂ, ਗਾਇਕਾਂ, ਇਤਿਹਾਸਕਾਰਾਂ, ਕਵੀਆਂ, ਕਵਿਤਰੀਆਂ, ਸੰਗੀਤਕਾਰਾਂ, ਗ੍ਰੰਥਕਾਰਾਂ, ਮੁਸੱਵਰਾਂ,ਆਰਟਿਸਟਾਂ, ਦੀਆਂ ਤਸਵੀਰਾਂ ਵਿਰਾਸਤ ਭਵਨ ਵਿੱਚ ਸਜਾਈਆਂ ਹੋਈਆਂ ਹਨ। ਇੱਥੇ ਪੰਜਾਬੀ ਸੱਥ ਵੱਲੋਂ ਅਤੇ ਸੰਸਾਰ ਪੱਧਰ ਤੇ ਕਾਰਜ ਕਰ ਰਹੀਆਂ ਪੰਜਾਬੀ ਸੱਥ ਦੀਆਂ ਇਕਾਈਆਂ ਵੱਲੋਂ ਆਪਣੇਂ ਆਪਣੇ ਖੇਤਰੀ ਇਲਾਕਿਆਂ ਦੀਆਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸੰਭਾਲਣ ਵਾਲੀਆਂ ਅਤੇ ਖੇਤਰੀ ਸੱਥਾਂ ਵੱਲੋਂ ਸਨਮਾਨਤ ਸ਼ਖਸੀਅਤਾਂ ਦੀਆਂ ਤਸਵੀਰਾਂ ਵੀ ਏਥੇ ਲਗਾਈਆਂ ਹੋਈਆਂ ਹਨ।

ਆਦਿ ਕਾਲ ਤੋਂ ਲੈ ਕੇ ਸਭ ਧਰਮਾਂ ਨਾਲ ਸੰਬੰਧਿਤ ਸਿਮਰਨੇ, ਮਾਲਾ, ਜੰਞੂ, ਚਿੰਨ੍ਹ, ਵੱਖ-ਵੱਖ ਧਰਮਾਂ ਦੇ ਪੁਰਾਣੇ ਮੂਲ ਮੰਤਰ, ਲੁਕੋਕਤੀਆਂ, ਕਹਾਵਤਾਂ, ਪੰਜਾਬੀ ਵਿਰਸੇ ਵੱਲੋਂ ਭੁੱਲੀਆਂ ਵਿਸਰੀਆਂ ਗੱਲਾਂ-ਬਾਤਾਂ ਸਭ ਸੀਸਿਆਂ ਵਿੱਚ ਜੜਾ ਕੇ ਰੱਖੀਆਂ ਹੋਈਆਂ ਹਨ। ਗੁਰਦੁਆਰਿਆਂ, ਮੰਦਰਾਂ, ਮਸਜਿਦਾਂ, ਮਕਬਰਿਆਂ, ਕਿਲਿਆਂ, ਗਿਰਜਿਆਂ, ਪੁਰਾਣੇ ਸਮਿਆਂ ਦੇ ਸਾਜਾਂ, ਪੁਰਾਣੇ ਸੰਗੀਤਕਾਰਾਂ, ਪਹਿਲਵਾਨਾਂ, ਨਿਹੰਗਾਂ ਨਿਰਮਲੇ ਮਹਾਂਪੁਰਸ਼ਾਂ ਦੀਆਂ ਤਸਵੀਰਾਂ, 1947 ਦੇ ਬਟਵਾਰੇ ਦੀਆਂ ਦਿਲ ਲੂਹ ਦੇਣ ਵਾਲੀਆਂ ਤਸਵੀਰਾਂ, 1984 ਦੇ ਘੱਲੂਘਾਰੇ ਵਿੱਚ ਸ਼ਹੀਦ ਹੋਏ ਸ਼ਹੀਦਾਂ, ਜਰਨੈਲ ਸਿੰਘ ਭਿੰਡਰਾਂਵਾਲੇ, ਵੱਖ-ਵੱਖ ਸਮੇਂ ਦੇ ਰਾਜਿਆਂ, ਮਹਾਰਾਜਿਆਂ, ਮਹਾਰਾਜਾ ਰਣਜੀਤ ਸਿੰਘ ਅਤੇ ਉਸ ਸਮੇਂ ਦੇ ਅਹਿਲਕਾਰਾਂ, ਮਿਸਲਾਂ ਦੇ ਮੁਖੀਆਂ, ਪੁਰਾਤਨ ਸਮੇਂ ਤੋਂ ਵਰਤਮਾਨ ਸਮੇਂ ਤੱਕ ਦੀਆਂ ਰਾਜਨੀਤਿਕ ਹਸਤੀਆਂ ਦੀਆਂ ਤਸਵੀਰਾਂ ਨੂੰ ਇਥੇ ਸਾਂਭ ਸੰਭਾਲ ਕੇ ਰੱਖਿਆ ਹੋਇਆ ਹੈ। ਵਿਰਾਸਤ ਭਵਨ ਵਿੱਚ ਦਾਖਲ ਹੁੰਦਿਆਂ ਹੀ 15"+18" ਵਰਗ ਫੁੱਟ ਵਿੱਚ 1947 ਈਸਵੀ ਦੀ ਵੰਡ ਤੋਂ ਪਹਿਲਾਂ ਦੇ ਨਕਸ਼ੇ ਦਾ ਇਕ ਪ੍ਰਿੰਟ ਲਗਾਇਆ ਹੋਇਆ ਹੈ। ਇਸ ਨਕਸੇ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਨਕਸਾ ਪੰਜਾਬੀ ਸੱਥਾਂ ਦੇ ਸੰਸਥਾਪਕ ਡਾ. ਨਿਰਮਲ ਸਿੰਘ ਜੀ ਵੱਲੋਂ ਹਸਪਤਾਲ ਤੋਂ ਵਿਹਲੇ ਹੋਕੇ ਲਗਾਤਾਰ ਮਿਹਨਤ ਕਰਕੇ ਆਪਣੇ ਹੱਥੀ ਬਣਾਇਆ ਗਿਆ ਹੈ। ਇਸ ਨਕਸ਼ੇ ਬਾਰੇ ਗੱਲ ਕਰਦਿਆਂ ਡਾਕਟਰ ਸਾਹਿਬ ਬੜੇ ਹੀ ਭਾਵਪੂਰਤਕ ਸ਼ਬਦਾਂ ਵਿੱਚ ਦੱਸਦੇ ਹੁੰਦੇ ਹਨ ਕਿ ਇਹ ਸੀ ਸਾਡਾ ਰੰਗਲਾ ਪੰਜਾਬ ਜਿਸਦੇ ਰਾਜਨੀਤੀ ਦੇ ਆਲਮਬਰਦਾ ਨੇ ਪਹਿਲਾਂ ਚੜ੍ਹਦਾ ਤੇ ਲਹਿੰਦਾ ਦੋ ਤੇ ਹੁਣ ਸੱਤ ਟੁਕੜੇ ਕਰ ਦਿੱਤੇ ਹਨ। ਪਰ ਅਸੀਂ ਸਾਰੇ ਪੰਜਾਬ ਅਤੇ ਪੰਜਾਬੀਆਂ ਨੂੰ ਇਕ ਮੰਨਦੇ ਹਾਂ। ਸਾਡੀ ਬੋਲੀ ਇਕ ਹੈ, ਸਾਡਾ ਰਹਿਣ-ਸਹਿਣ, ਖਾਣ-ਪੀਣ, ਸਾਡੀ ਪਸੰਦ ਅਤੇ ਪਹਿਰਾਵੇ ਮਿਲਦੇ ਜੁਲਦੇ ਹਨ। ਸਾਡੀ ਵਿਰਾਸਤ ਇੱਕ ਹੈ, ਸਾਡੀਆਂ ਜੜ੍ਹਾਂ ਇਕ ਹਨ। ਵੰਡ ਦੀਆਂ ਲਕੀਰਾਂ ਰਾਜਨੀਤਿਕ ਲਕੀਰਾਂ ਹਨ। ਪੰਡਤ, ਮੌਲਵੀ, ਹਿੰਦੂ, ਸਿੱਖ, ਮੁਸਲਮਾਨ ਸਾਰੇ ਅਸੀ ਭਰਾ ਹਾਂ।

**ਮਿਊਜ਼ੀਅਮ ਵਿੱਚ ਨਾਮਧਾਰੀ ਸੰਪਰਦਾ ਦਾ ਸਥਾਨ**

ਵਿਰਾਸਤ ਭਵਨ ਵਿੱਚ ਨਾਮਧਾਰੀ ਸੰਪਰਦਾ ਵੀ ਰੂਪਮਾਨ ਹੈ। ਪੰਜਾਬੀ ਸੱਥ ਵੱਲੋਂ ਨਾਮਧਾਰੀ ਸੰਪਰਦਾ ਨਾਲ ਸਬੰਧਿਤ ਤਸਵੀਰਾਂ, ਚਿੰਨ੍ਹ, ਨਾਮਧਾਰੀ ਮਰਯਾਦਾ ਅਤੇ ਉਪਨਿਯਮ ਏਥੇ ਲਗਾਏ ਹੋਏ ਹਨ। ਪੰਜਾਬੀ ਸੱਥ ਵੱਲੋਂ ਅੱਜ ਤੋਂ ਕੋਈ 16-17 ਸਾਲ ਪਹਿਲਾਂ ਨਾਮਧਾਰੀ ਤਸਵੀਰਾਂ ਅਤੇ ਚਿੰਨ੍ਹ ਮਿਊਜ਼ੀਅਮ ਵਿੱਚ ਸਥਾਪਿਤ ਕੀਤੇ ਗਏ ਸਨ। ਮਿਊਜ਼ੀਅਮ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀਆਂ ਯਾਤਰਾਵਾਂ ਦਾ ਲਗਾਇਆ ਹੋਇਆ ਨਕਸ਼ਾ ਭਾਵੇਂ ਸੇਵਕ ਹਰਪਾਲ ਸਿੰਘ ਜੀ ਨੇ ਤਿਆਰ ਕੀਤਾ ਸੀ ਪਰ ਉਸਦੇ ਪਿੱਛੇ ਸੰਕਲਪ ਡਾ. ਨਿਰਮਲ ਸਿੰਘ ਜੀ ਦਾ ਸੀ। ਉਸ ਵਕਤ ਪੰਜਾਬੀ ਸੱਥ ਨੇ ਨਾਮਧਾਰੀ ਸੰਸਥਾ ਦਾ ਭਰਵਾਂ ਸਵਾਗਤ ਕੀਤਾ ਸੀ। ਉਸ ਸਮੇਂ ਸੇਵਕ ਹਰਪਾਲ ਸਿੰਘ ਜੀ, ਸੂਬਾ

ਬਲਵਿੰਦਰ ਸਿੰਘ ਜੀ ਅਤੇ ਮੈਂ (ਲਖਵੀਰ ਸਿੰਘ ਰਾਮਪੁਰਾ ਫੂਲ) ਅਤੇ ਲੋਹਾਰਾਂ ਤੋਂ ਵੀ ਨਾਮਧਾਰੀ ਪਰਿਵਾਰ ਸ਼ਾਮਲ ਸਨ। ਲੋਹਾਰਾਂ ਵਾਲੇ ਨਾਮਧਾਰੀ ਪ੍ਰੀਵਾਰ ਨੇ ਇੱਕ ਲੱਕੜ ਦੀ ਸੁੰਦਰ ਅਲਮਾਰੀ ਵੀ ਸੱਥ ਲਈ ਨਾਮਧਾਰੀ ਚਿੰਨ੍ਹਾਂ ਨੂੰ ਸਜਾਉਣ ਲਈ ਭੇਂਟ ਕੀਤੀ ਸੀ।

**ਪੰਜਾਬੀ ਸੱਥ ਵੱਲੋਂ ਨਾਮਧਾਰੀਆਂ ਨੂੰ ਮਾਣ**

ਪੰਜਾਬੀ ਸੱਥ ਨੇ ਕਾਮਰੇਡ ਸੁਵਰਨ ਸਿੰਘ ਵਿਰਕ ਜੀ ਨੂੰ ਸਤਿਗੁਰੂ ਰਾਮ ਸਿੰਘ ਪੁਰਸਕਾਰ ਨਾਲ ਨਵਾਜਿਆ ਹੈ ਅਤੇ ਸੰਤ ਕਰਨੈਲ ਸਿੰਘ ਅਸਪਾਲ ਕਰੀਵਾਲਾ ਦੀ ਪੁਸਤਕ ਪਸ਼ੂ ਪੰਛੀ ਪਰਿਵਾਰ ਨੂੰ ਸ਼ਬਦ ਸਤਿਕਾਰ ਸਨਮਾਨ ਭੇਂਟ ਕੀਤਾ ਹੈ। ਜਗਦੀਸ ਸਿੰਘ ਵਰਿਆਮ ਪੰਜਾਬੀ ਸੱਥ ਦੇ ਮੁੱਢਲੇ ਮੈਂਬਰਾਂ ਵਿੱਚ ਸ਼ਾਮਲ ਸਨ। ਡਾ. ਨਿਰਮਲ ਸਿੰਘ ਜੀ ਨੇ ਸੰਸਾਰ ਪੱਧਰ ਤੇ ਜਿਹੜੀਆਂ 52 ਇਕਾਈਆਂ ਸਥਾਪਤ ਕੀਤੀਆਂ ਹੋਈਆਂ ਹਨ ਉਹਨਾਂ ਵਿੱਚ ਉਹਨਾਂ ਮੈਨੂੰ (ਲਖਵੀਰ ਸਿੰਘ ਰਾਮਪੁਰਾ ਫੂਲ) 2005 ਈ. ਵਿੱਚ ਮਲਵਈ ਪੰਜਾਬੀ ਸੱਥ ਦੇ ਨਾਂਅ ਹੇਠ ਮਾਲਵੇ ਦਾ ਸੇਵਾਦਾਰ ਨਿਯੁਕਤ ਕੀਤਾ ਹੋਇਆ ਹੈ। ਪੰਜਾਬੀ ਸੱਥ ਵੱਲੋਂ ਆਪ ਖਰਚ ਕਰਕੇ ਮਾਲਵੇ ਇਲਾਕੇ ਦੇ ਧਰਮ ਅਤੇ ਸੱਭਿਆਚਾਰ ਬਾਰੇ ਮੇਰੀਆਂ ਦੋ ਪੁਸਤਕਾਂ "ਚੱਲ ਮਾਲਵੇ ਦੇਸ ਨੂੰ ਚੱਲੀਏ" ਅਤੇ ਜਿੱਥੇ ਕਿੱਕਰਾਂ ਨੂੰ ਅੰਬ ਲਗਦੇ" ਪ੍ਰਕਾਸ਼ਿਤ ਕੀਤੀਆਂ ਗਈਆਂ। ਉੱਘੇ ਕਿੱਸਾਕਾਰ ਚੰਦ ਸਿੰਘ ਮਹਿਰਾਜ ਦਾ ਕਿੱਸਾ "ਕਿੱਸਾ ਕੂਕਾ ਲਹਿਰ" ਵੀ ਪੰਜਾਬੀ ਸੱਥ ਨੇ ਛਾਪਿਆ ਹੈ। ਪੰਜਾਬੀ ਸੱਥ ਦੀ ਇਕਾਈ ਸਰਹੰਦ ਪੰਜਾਬੀ ਸੱਥ" ਦੇ ਸੇਵਾਦਾਰ ਸੰਤ ਸਿੰਘ ਸੋਹਲ ਜੀ ਵੱਲੋਂ ਅਜ਼ਾਦੀ ਸੰਗਰਾਮ ਦੇ ਮਹਾਂ ਨਾਇਕ ਸਤਿਗੁਰੂ ਰਾਮ ਸਿੰਘ ਜੀ" ਮਹਾਂਕਾਵਿ ਲਿਖਿਆ ਗਿਆ ਹੈ ਜੋ ਨਾਮਧਾਰੀ ਦਰਬਾਰ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਜਰਮਨ ਵਿੱਚ "ਜਰਮਨ ਪੰਜਾਬੀ ਸੱਥ" ਦੀ ਸੰਪਾਦਕ ਬੀਬੀ ਚਰਨਜੀਤ ਕੌਰ ਧਾਲੀਵਾਲ ਸੈਦੋਕੇ (ਮੋਗਾ) ਨਾਮਧਾਰੀ ਪਰਿਵਾਰ ਵਿਚੋਂ ਹਨ। ਹਿਮਾਚਲੀ ਪੰਜਾਬੀ ਸੱਥ ਦੀ ਸਥਾਪਨਾ ਵੀ ਹੋਈ ਹੈ ਜਿਸਦੇ ਸੇਵਾਦਾਰ ਸੂਬਾ ਸਾਧਾ ਸਿੰਘ ਜੀ ਮੰਡੀ ਹਨ ਪਰ ਸੱਥ ਦੀ ਇਸ ਇਕਾਈ ਨੇ ਕਾਰਜ ਦੀ ਆਰੰਭਤਾ ਹੀ ਨਹੀਂ ਕੀਤੀ। ਡਾ. ਨਿਰਮਲ ਸਿੰਘ ਜੀ ਦੇ ਕਈ ਆਰਟੀਕਲ ਵੀ ਸਤਿਜੁਗ ਵਿੱਚ ਛਪੇ ਹਨ ਅਤੇ ਡਾਕਟਰ ਸਾਹਿਬ ਇੱਕ ਵਾਰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਵੀ ਕਰਕੇ ਗਏ ਸਨ ਅਤੇ ਉਸ ਵਕਤ ਉਹਨਾਂ ਸਟੇਜ ਤੇ ਸੰਬੋਧਨ ਵੀ ਕੀਤਾ ਸੀ।

**ਡਾ. ਨਿਰਮਲ ਸਿੰਘ ਜੀ ਨਾਲ ਮੇਰਾ ਰੂਹਾਨੀ ਸਬੰਧ ਤੇ ਗਿਆਨ ਭਰੀਆਂ ਵਾਰਤਾਲਾਪਾਂ**

ਮੈਨੂੰ ਲਗਦਾ ਹੈ ਕਿ ਡਾਕਟਰ ਸਾਹਿਬ ਜੀ ਦਾ ਅਤੇ ਮੇਰਾ ਕੋਈ ਪਿਛਲੇ ਜਨਮਾਂ ਦਾ ਰੂਹਾਨੀ ਸਬੰਧ ਹੈ। ਡਾ.ਸਾਹਿਬ ਜੀ ਨੇ ਤੋਂ ਜ਼ਿੰਦਗੀ ਵਿੱਚ ਮੈਨੂੰ ਜੀ ਸਿੱਖਿਆ ਮਿਲੀ ਉਹ ਅਸੀਮ ਹੈ। ਸੂਰਜ ਨਾਲੋਂ ਇਕ ਅੱਗ ਦਾ ਗੋਲਾ ਟੁੱਟ ਕੇ ਲੱਖਾਂ ਸਾਲਾਂ ਵਿੱਚ ਧਰਤੀ ਦਾ ਰੂਪ ਧਾਰਨ ਕਰਨ ਦੇ ਭੁਗੋਲਿਕ ਵਰਤਾਰੇ ਤੋਂ ਲੈਕੇ ਅੱਜ ਦੇ ਸੰਸਾਰੀਕਰਨ ਦੇ ਜੀਵਨ ਤੱਕ ਦੇ ਇਤਿਹਾਸ ਵਿਚੋਂ ਮੈਨੂੰ ਲਗਦੈ ਕੋਈ ਵਿਸ਼ਾ ਅਜਿਹਾ ਨਹੀਂ ਹੋਵੇਗਾ ਜਿਸ ਬਾਰੇ ਡਾਕਟਰ ਸਾਹਿਬ ਜੀ ਨੇ ਮੇਰੇ ਨਾਲ ਰੂਹ ਤੋਂ ਵਾਰਤਾਲਾਪ ਸਾਂਝੀ ਨਾ ਕੀਤੀ ਹੋਵੇ। ਡਾ. ਸਾਹਿਬ ਜੀ ਤੋਂ ਮਿਲੀਆਂ ਸਰੀਰਕ ਅਤੇ ਮੈਡੀਕਲ ਜਾਣਕਾਰੀਆਂ ਨੇ ਮੈਨੂੰ ਮੇਰੇ ਕਿੱਤੇ ਵਿੱਚ ਹੋਰ ਨਿਪੁੰਨ ਕੀਤਾ। ਆਦਿ ਕਾਲ, ਇਤਿਹਾਸ, ਮਿਥਿਹਾਸ, ਸਮਾਜ, ਸੱਭਿਆਚਾਰ, ਧਰਮ, ਬੋਲੀ, ਰਿਸ਼ਤੇ ਨਾਤੇ, ਵਪਾਰ, ਕਾਰੋਬਾਰ, ਜੀਵ-ਜੰਤੂ, ਪਸ਼ੂ-ਪੰਛੀ, ਜਰਮ, ਬੈਕਟੀਰੀਆ, ਵਾਇਰਸ, ਗਿਆਨ, ਵਿਗਿਆਨ, ਸੇਵਾ, ਸਿਮਰਨ, ਗੁਰਬਾਈ, ਕੀਰਤਨ, ਨਸ਼ੇ, ਰਾਜਨੀਤੀਆਂ, ਸੰਸਾਰ ਪੱਧਰ ਤੇ ਦੇਸ਼ਾਂ ਵਿਦੇਸ਼ਾਂ ਦੇ ਕਾਟੋ ਕਲੇਸ਼, ਸੰਸਾਰੀਕਰਨ, ਵਿਸ਼ਵੀਕਰਨ, ਸੰਸਾਰਿਕ ਲੁੱਟ ਘਸੁੱਟ, ਆਪਈ ਬੋਲੀ, ਆਪਣੀਆਂ ਜੜ੍ਹਾਂ, ਉਸਾਰੂ ਭਵਿੱਖ ਵਰਗੇ ਵਿਸ਼ਿਆਂ ਸਮੇਤ ਮੈਨੂੰ ਲਗਦੈ ਆਮ ਜੀਵਨ ਵਿੱਚ ਕੋਈ ਅਜਿਹਾ ਵਿਸ਼ਾ ਨਹੀਂ ਹੋਵੇਗਾ ਜਿਸ ਬਾਰੇ ਡਾਕਟਰ ਸਾਹਿਬ ਨਾਲ ਕੋਈ ਲੰਮੀ ਵਾਰਤਾਲਾਪ ਨਾ ਹੋਈ ਹੋਵੇ।

**ਪੰਜਾਬੀ ਸੱਥ ਵੱਲੋਂ ਮੇਰੀ ਪਾਕਿਸਤਾਨ ਫੇਰੀ**

ਡਾ. ਸਾਹਿਬ ਨੇ ਸਾਰਕ ਦੇਸ਼ਾਂ ਦੀ ਇਕ ਮੀਟਿੰਗ ਵਿੱਚ ਮੈਨੂੰ ਇਕ ਵਫਦ ਨਾਲ ਪਾਕਿਸਤਾਨ ਵੀ ਭੇਜਿਆ। ਜਿਸ ਵਿੱਚ ਕਰਿਡ ਦੇ ਡਾਇਰੈਕਟਰ ਉੱਘੇ ਵਿਗਿਆਨੀ ਡਾ. ਸੁੱਚਾ ਸਿੰਘ ਗਿੱਲ,ਪੰਜਾਬ ਪ੍ਰਦੂਸ਼ਣ ਬੋਰਡ ਦੇ ਡਾਇਰੈਕਟਰ ਡਾ. ਚਰਨਜੀਤ ਸਿੰਘ ਨਾਭਾ, ਮੀਡੀਆ ਡਾਇਰੈਕਟਰ ਚੰਚਲ ਮਨੋਹਰ ਸਿੰਘ,ਲੋਕ ਗਾਇਕ ਹੰਸ ਰਾਜ ਹੰਸ ਸਮੇਤ ਅਸੀਂ ਕੁੱਲ 6 ਜਣੇ ਇਸ ਮੀਟਿੰਗ ਵਿੱਚ ਗਏ ਸਾਂ। ਇਹ ਮੀਟਿੰਗ ਸਾਊਥ ਏਸ਼ੀਆ ਫਰੀ ਮੀਡੀਆ ਐਸੋਸੀਏਸ਼ਨ ਲਾਹੌਰ ਦੇ ਦਫਤਰ ਵਿੱਚ ਹੋਈ। ਇੱਕ ਸਮਾਗਮ ਵਿੱਚ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵੀ ਆਏ ਅਤੇ ਸਾਰਕ ਦੇਸ਼ਾਂ ਦੇ ਆਪਸੀ ਵਪਾਰ ਬਾਰੇ ਗੱਲਬਾਤ ਹੋਈ। ਇਸ ਮੀਟਿੰਗ ਵਿੱਚ ਡਾ. ਨਿਰਮਲ ਸਿੰਘ ਜੀ ਨੇ ਮੈਨੂੰ ਵਿਸ਼ੇਸ਼ ਹਦਾਇਤ ਕੀਤੀ ਸੀ ਕਿ ਮੈਂ ਪੂਰੇ ਨਾਮਧਾਰੀ ਪਹਿਰਾਵੇ ਵਿੱਚ ਪਾਕਿਸਤਾਨ ਜਾਣਾ ਹੈ ਤਾਂ ਕਿ ਨਾਮਧਾਰੀ ਮਿਸ਼ਨ ਦੀ ਵੀ ਗੱਲਬਾਤ ਅਤੇ ਚਰਚਾ ਹੋਵੇ। ਇਸ ਫੇਰੀ ਦੌਰਾਨ ਸਾਡੇ ਵਫਦ ਨੂੰ ਸਾਊਥ ਏਸ਼ੀਆ ਫਰੀ ਮੀਡੀਆ ਐਸੋਸੀਏਸ਼ਨ ਵੱਲੋਂ

ਲਾਹੌਰ ਅਤੇ ਨਨਕਾਣਾ ਸਾਹਿਬ ਦੇ ਇਤਿਹਾਸਿਕ ਸਥਾਨਾਂ ਦੇ ਦਰਸ਼ਨ ਵੀ ਕਰਵਾਏ ਗਏ।

**ਡਾ. ਸਾਹਿਬ ਜੀ ਦੀ ਨਾਮਧਾਰੀ ਸੰਪਰਦਾ ਪ੍ਰਤੀ ਭਾਵਨਾ**

ਡਾ. ਸਾਹਿਬ ਜੀ ਦੀ ਰੂਹ ਪਾਕ ਪਵਿੱਤਰ ਹੈ। ਉਹ ਦੁਨੀਆਂ ਦੇ ਹਰ ਓਸ ਪੈਗ਼ੰਬਰ ਨੂੰ ਪਿਆਰ ਕਰਦੇ ਹਨ ਜਿਸਨੇ ਆਪਣਾ ਜੀਵਨ ਨਿਰਸਵਾਰਥ ਲੋਕਾਈ ਦੇ ਭਲੇ ਲਈ ਨਿਛਾਵਰ ਕਰ ਦਿੱਤਾ ਹੋਵੇ। ਸਤਿਗੁਰੂ ਰਾਮ ਸਿੰਘ ਜੀ ਉਹਨਾਂ ਮਹਾਨ ਸਖਸ਼ੀਅਤਾਂ ਵਿੱਚੋਂ ਇੱਕ ਹਨ। ਸਤਿਗੁਰੂ ਰਾਮ ਸਿੰਘ ਜੀ ਦਾ ਦੇਸ਼ ਦੀ ਅਜ਼ਾਦੀ ਲਈ ਇਨਕਲਾਬੀ ਸੰਕਲਪ, ਸਵਦੇਸ਼ੀ, ਨਾ ਮਿਲਵਰਤਨ, ਵਾਤਾਵਰਨ, ਸਾਦਗੀ, ਸਤਿਗੁਰੂ ਰਾਮ ਸਿੰਘ ਜੀ ਵੱਲੋਂ ਗੁਰਸਿੱਖੀ ਨੂੰ ਮੁੜ ਸੁਰਜੀਤ ਕਰਨ, ਅਨੰਦ ਕਾਰਜ਼,ਪ੍ਰਸ਼ਾਦਾ ਛਕਕੇ ਥਾਲਾ ਧੋਕੇ ਪੀਣ ਦਾ ਆਦੇਸ਼ ਅਤੇ ਜਾਂ ਜੰਗਲ ਜਾਣ ਸਮੇਂ ਰੇਤੇ ਨਾਲ ਹੱਥ ਮਾਂਜਨ, ਭਾਂਡੇ ਸੁੱਕ ਮਾਂਜ ਕਰਨ ਦੀ ਪ੍ਰਥਾ। ਪੁਰਾਤਨ ਸਮੇਂ ਵਿੱਚ ਜੰਗਲ ਮਦਾਨ ਜਾਣ ਤੋਂ ਬਾਅਦ ਮਲ ਤਿਆਗ ਤੇ ਰੇਤਾ ਪਾਉਣ ਦੀ ਹਦਾਇਤ ਵਰਗੇ ਇਨਕਲਾਬੀ ਸੰਕਲਪਾਂ ਅਤੇ ਨਾਮਧਾਰੀਆਂ ਦੇ ਅਜਿਹੇ ਸਮਾਜ ਨਾਲੋਂ ਬਹੁਤ ਅਗਾਂਹ ਵਧੂ ਵਰਤਾਰਿਆਂ ਤੋਂ ਡਾ. ਸਾਹਿਬ ਬਹੁਤ ਪ੍ਰਭਾਵਿਤ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵੰਡ ਤੋਂ ਪਹਿਲਾਂ ਲੋਕਾਂ ਨੂੰ ਲਹਿੰਦੇ ਪੰਜਾਬ ਤੋਂ ਕੱਢਣਾ ਅਤੇ ਏਧਰ ਵਸਾਉਣਾ, ਸਤਿਗੁਰੂ ਜਗਜੀਤ ਸਿੰਘ ਜੀ ਦੀ ਸਮਾਜ ਨੂੰ ਸੰਗੀਤ ਅਤੇ ਖੇਡਾਂ ਵਰਗੀ ਵਡਮੁੱਲੀ ਦੇਣ, ਵਾਤਾਵਰਨ, ਗੁਰਬਾਣੀ ਅਤੇ ਪੰਜਾਬੀ ਮਾਂ ਬੋਲੀ ਨੂੰ ਵੱਡਮੁੱਲੀ ਦੇਣ ਪ੍ਰਤੀ ਡਾ. ਸਾਹਿਬ ਜੀ ਨਾਲ ਮੋਬਾਈਲ ਰਾਹੀਂ ਮੇਰੀਆਂ ਦਹਾਕਿਆਂ ਤੋਂ ਘੰਟਿਆਂ ਬੱਧੀ ਗੱਲਾਂ ਬਾਤਾਂ ਹੁੰਦੀਆਂ ਰਹਿੰਦੀਆਂ ਹਨ। ਮੈਂ ਡਾ. ਸਾਹਿਬ ਜੀ ਨੂੰ ਆਪਣਾ ਪਿਤਾ-ਪਿਤਾਮਾ ਜਾਣਕੇ, ਸਰੋਤਾ ਬਣਕੇ ਬਹੁਤ ਹੀ ਸਤਿਕਾਰ ਨਾਲ ਉਹਨਾਂ ਦੇ ਉਸਾਰੂ ਵਾਰਤਾਲਾਪ ਅਕਸਰ ਸੁਣਦਾ ਰਹਿੰਦਾ ਹਾਂ ਅਤੇ ਅਮੁੱਲੇ ਵਿਚਾਰ ਸੁਣਕੇ ਅਨੰਦਿਤ ਹੁੰਦਾ ਰਹਿੰਦਾ ਹਾਂ। ਪਰ ਅੱਜ ਕੱਲ੍ਹ ਡਾ. ਸਾਹਿਬ ਇਸ ਗੱਲ ਦਾ ਵੀ ਜਿਕਰ ਕਰਦੇ ਹਨ ਕਿ ਕਈ ਨਾਮਧਾਰੀਆਂ ਦੇ ਘਰਾਂ ਵਿੱਚ ਵੀ ਬਜ਼ਾਰੀ ਖਾਣਿਆਂ ਅਤੇ ਵਿਆਹ ਪਾਰਟੀਆਂ ਵਰਗੀਆਂ ਕੁਰੀਤੀਆਂ ਦਸਤਕ ਦੇ ਰਹੀਆਂ ਹਨ।

**ਪੰਜਾਬੀ ਸੱਥ ਦੇ ਵਿਹੜੇ ਵਿੱਚ ਸਤਿਗੁਰੂ ਜੀ ਦਾ ਆਗਮਨ**

31 ਮਾਰਚ ਦਾ ਪੰਜਾਬੀ ਸੱਥ ਲਈ ਉਹ ਸੁਭਾਗਾ ਦਿਨ ਸੀ ਜਦੋਂ ਹਰਪਾਲ ਸਿੰਘ ਸੇਵਕ ਸ੍ਰੀ ਭੈਣੀ ਸਾਹਿਬ ਜੀ ਨੇ ਦੱਸਿਆ ਕਿ ਅੱਜ ਪਾਤਸ਼ਾਹ ਜੀ ਪੰਜਾਬੀ ਸੱਥ ਲਾਂਬੜਾ ਵਿਖੇ ਦਰਸ਼ਨ ਦੇਣ ਅਤੇ ਮਿਊਜ਼ੀਅਮ ਵੇਖਣ ਆ ਰਹੇ ਹਨ। ਸੁਣਕੇ ਮੇਰੀ ਰੂਹ ਅਨੰਦਿਤ ਹੋ ਗਈ। ਜਦੋਂ ਮੈਂ ਡਾ. ਨਿਰਮਲ ਸਿੰਘ ਜੀ ਨੂੰ ਫੋਨ ਕਰਕੇ ਦੱਸਿਆ ਤਾਂ ਡਾਕਟਰ ਸਾਹਿਬ ਬਹੁਤ ਖੁਸ਼ ਹੋਏ ਅਤੇ ਉਹਨਾਂ ਆਖਿਆ ਇਹ ਤਾਂ ਸਾਡੇ ਵੱਡੇ ਭਾਗ ਹਨ ਏਨੇ ਵੱਡੇ ਮਹਾਨ ਪੁਰਸ਼ ਆ ਰਹੇ ਹਨ ਸਾਡੇ ਲਈ ਇਸ ਤੋਂ ਵੱਡੀ ਖੁਸ਼ੀ ਦੀ ਖ਼ਬਰ ਕੀ ਹੋ ਸਕਦੀ ਹੈ।

ਮੈਂ ਤੇ ਮੇਰੀ ਪਤਨੀ ਰਾਜਵੰਤ ਕੌਰ ਅਸੀਂ ਰਾਮਪੁਰਾ ਫੂਲ ਤੋਂ ਚੱਲ ਪਏ। ਸਾਡੇ ਲਾਂਬੜਾ ਪਹੁੰਚਣ ਤੋਂ ਪਹਿਲਾਂ ਹੀ ਡਾ. ਸਾਹਿਬ ਜੀ, ਸਕੂਲ ਦੀ ਮੈਨੇਜਮੈਂਟ ਕਮੇਟੀ, ਵਾਈਸ ਪ੍ਰਿੰਸੀਪਲ ਅਤੇ ਸਮੂਹ ਸਟਾਫ ਇੱਕਠਾ ਹੋ ਸ੍ਰੀ ਸਤਿਗੁਰੂ ਜੀ ਦਾ ਇੰਤਜਾਰ ਕਰ ਰਿਹਾ ਸੀ। ਸ੍ਰੀ ਸਤਿਗੁਰੂ ਜੀ ਦੇ ਆਉਣ ਤੋਂ 10-15 ਮਿੰਟ ਪਹਿਲਾਂ ਸੇਵਕ ਹਰਪਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ, ਸੂਬਾ ਚਰਨਜੀਤ ਸਿੰਘ ਜੀ ਹਿਸਾਰ, ਉਹਨਾਂ ਦੀ ਧਰਮ ਪਤਨੀ ਅਤੇ ਕਾਕਾ ਚੰਨਣ ਸਿੰਘ ਜੀ ਪਹੁੰਚ ਗਏ ਸਨ। 10 -15 ਮਿੰਟ ਬਾਅਦ ਹੀ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਆ ਗਈਆਂ। ਸ੍ਰੀ ਸਤਿਗੁਰੂ ਜੀ ਦੇ ਆਗਮਨ ਤੇ ਪੰਜਾਬੀ ਸੱਥ ਦੀ ਸਮੁੱਚੀ ਟੀਮ ਵੱਲੋਂ ਬਹੁਤ ਹੀ ਸਤਿਕਾਰ ਅਤੇ ਚਾਵਾਂ ਨਾਲ ਗੁਲਦਸਤੇ ਭੇਂਟ ਕਰਕੇ ਸ੍ਰੀ ਸਤਿਗੁਰੂ ਜੀ ਦਾ ਭਰਵਾਂ ਅਤੇ ਨਿੱਘਾ ਸਵਾਗਤ ਕੀਤਾ ਗਿਆ। ਗੁਰੂ ਮਹਿਲ ਪਰਮ ਪੂਜਯ ਮਾਤਾ ਗੁਰਸ਼ਰਨ ਕੌਰ ਜੀ ਵੀ ਸਤਿਗੁਰੂ ਜੀ ਦੇ ਨਾਲ ਸਨ। ਸਤਿਗੁਰੂ ਜੀ ਦੇ ਨਿੱਜੀ ਸੇਵਕ ਸੰਤ ਕਰਤਾਰ ਸਿੰਘ ਜੀ,ਸੰਤ ਆਸਾ ਸਿੰਘ ਜੀ, ਨਾਮਧਾਰੀ ਦਰਬਾਰ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਜੀ ਝੱਲ, ਸੰਤ ਸੁਰਿੰਦਰ ਸਿੰਘ ਜੀ ਪ੍ਰਧਾਨ ਵਿਸ਼ਵ ਨਾਮਧਾਰੀ ਸੰਗਤ, ਸੂਬਾ ਰੇਸ਼ਮ ਸਿੰਘ ਜੀ ਕੈਨੇਡਾ, ਸੰਤ ਸੂਰਤਪਾਲ ਸਿੰਘ ਜੀ,ਸੰਤ ਰਘਵੀਰ ਸਿੰਘ ਜੀ ਵੀ ਨਾਲ ਸਨ। ਸ੍ਰੀ ਸਤਿਗੁਰੂ ਜੀ ਸ਼ਹੀਦ ਬਾਬਾ ਖੁਸ਼ਹਾਲ ਸਿੰਘ ਸੀਨੀਅਰ ਸੈਕੰਡਰੀ ਸਕੂਲ ਦੇ ਦਫਤਰ ਵਿੱਚ ਚੇਅਰ ਤੇ ਬਰਾਜਮਾਨ ਹੋਏ। ਡਾਕਟਰ ਨਿਰਮਲ ਸਿੰਘ ਜੀ ਨਾਲ ਸ਼ਹੀਦ ਬਾਬਾ ਖੁਸ਼ਹਾਲ ਸਿੰਘ ਜੀ ਦੇ ਇਤਿਹਾਸ ਬਾਰੇ, ਪੰਜਾਬੀ ਸੱਥ,ਪੰਜਾਬੀ ਸੱਥ ਦੀਆਂ ਗਤੀਵਿਧੀਆਂ ਬਾਰੇ ਸਤਗੁਰੂ ਜੀ ਨਾਲ ਬਚਨ ਬਿਲਾਸ ਹੋਏ। ਇਸ ਸੁਭਾਗੇ ਸਮੇਂ ਡਾ. ਨਿਰਮਲ ਸਿੰਘ ਅਤੇ ਸਕੂਲ ਮਨੇਜਮੈਂਟ ਕਮੇਟੀ ਵੱਲੋਂ ਸ੍ਰੀ ਸਤਿਗੁਰੂ ਨੂੰ ਸਨਮਾਨ ਚਿੰਨ੍ਹ ਅਤੇ ਲੋਈ ਭੇਂਟ ਕਰਕੇ ਸਤਿਕਾਰ ਸਨਮਾਨ ਭੇਂਟ ਕੀਤਾ ਗਿਆ ਅਤੇ ਵਾਈਸ ਪ੍ਰਿੰਸੀਪਲ ਮੈਡਮ ਰਵਿੰਦਰ ਕੌਰ ਅਤੇ ਰਾਜਵੰਤ ਕੌਰ ਵੱਲੋਂ ਪੂਜਯ ਮਾਤਾ ਗੁਰਸ਼ਰਨ ਕੌਰ ਜੀ ਨੂੰ ਸਨਮਾਨ ਚਿੰਨ੍ਹ ਅਤੇ ਸਾਲ ਭੇਂਟ ਕਰਕੇ ਸਤਿਕਾਰ ਸਨਮਾਨ ਦਿੱਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਵਿਰਾਸਤ ਭਵਨ ਨੂੰ ਬਹੁਤ ਹੀ ਨੀਝ ਨਾਲ ਵੇਖਿਆ ਅਤੇ ਵੱਖ-ਵੱਖ ਇਤਿਹਾਸਕ ਅਤੇ ਸੱਭਿਆਚਾਰਕ ਤੱਥਾਂ ਬਾਰੇ ਡਾਕਟਰ ਸਾਹਿਬ ਨਾਲ

ਵਿਚਾਰ ਚਰਚਾ ਵੀ ਕੀਤੀ। ਸਾਰੀ ਸੰਗਤ ਵੀ ਇਹਨਾਂ ਪਲਾਂ ਨੂੰ ਵਾਚ ਰਹੀ ਸੀ ਅਤੇ ਅਨੰਦਿਤ ਹੋ ਰਹੀ ਸੀ। ਵਿਰਾਸਤ ਦੇ ਆਖਰੀ ਪੜਾਅ ਤੇ ਸ੍ਰੀ ਸਤਿਗੁਰੂ ਜੀ ਨੂੰ ਡਾ. ਨਿਰਮਲ ਸਿੰਘ ਜੀ ਦੁਆਰਾ ਪੰਜਾਬੀ ਸੱਥ ਦਾ ਨਵਾਂ ਛਪਿਆ ਵੱਡ ਅਕਾਰੀ ਖੋਜ ਭਰਪੂਰ ਗ੍ਰੰਥ ਵਿਰਾਸਤ-ਏ-ਪੰਜਾਬ ਅਤੇ ਹੋਰ ਪੁਸਤਕਾਂ ਵੀ ਭੇਂਟ ਕੀਤੀਆਂ ਗਈਆਂ। ਸਤਿਗੁਰੂ ਜੀ ਦੇ ਇਸ ਆਗਮਨ ਤੇ ਪੰਜਾਬੀ ਸੱਥ ਦੇ ਵਿਹੜੇ ਰੰਗਾਂ ਭਾਗਾਂ ਨਾਲ ਭਰ ਗਏ ਸਨ। ਇਸ ਸਮੇਂ ਲੁਹਾਰਾਂ ਤੋਂ ਨਾਮਧਾਰੀ ਸੰਗਤ ਵੀ ਹਾਜ਼ਰ ਸੀ। ਸ਼ੁਕਰਾਨਾ ਪੱਤਰ ਡਾਕਟਰ ਸਾਹਿਬ ਅਤੇ ਸ. ਬਲਦੇਵ ਸਿੰਘ ਸਿੱਧੂ ਜੀ ਨੇ ਖੁਸ਼ੀ ਨਾਲ ਸਤਿਗੁਰੂ ਜੀ ਨੂੰ ਇੱਕ ਸ਼ੁਕਰਾਨਾ ਪੱਤਰ ਲਿਖਿਆ। ਜਿਸ ਦੀ ਸ਼ਬਦਾਬਲੀ ਇਸ ਪ੍ਰਕਾਰ ਹੈ-

ਪਰਮ ਸਤਿਕਾਰਯੋਗ ਧੰਨ-ਧੰਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਮਹਾਰਾਜ ਸ੍ਰੀ ਭੈਣੀ ਸਾਹਿਬ ਜੀਓ। ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ। ਤੁਹਾਡੀ 31 ਮਾਰਚ ਦਿਨ ਮੰਗਲਵਾਰ 2026 ਨੂੰ ਖਾਲਸਾ ਸਕੂਲ ਲਾਂਬੜਾ (ਜਲੰਧਰ) ਵਿਖੇ ਪ੍ਰਭਾਵਸ਼ਾਲੀ ਫੇਰੀ ਲਈ ਅਸੀਂ ਪ੍ਰਬੰਧਕ ਕਮੇਟੀ ਸ਼ਹੀਦ ਬਾਬਾ ਖੁਸ਼ਹਾਲ ਸਿੰਘ ਖਾਲਸਾ ਮਾਡਲ ਸੀਨੀਅਰ ਸੈਕੰਡਰੀ ਸਕੂਲ ਲਾਂਬੜਾ ਅਤੇ ਪੰਜਾਬੀ ਸੱਥ ਲਾਂਬੜਾ (ਜਲੰਧਰ) ਦੇ ਸਮੂਹ ਮੈਂਬਰਾਂ ਵੱਲੋਂ ਆਪ ਜੀ ਦੇ ਬੇਹੱਦ ਸ਼ੁਕਰਗੁਜ਼ਾਰ ਹਾਂ। ਤੁਹਾਡੀ ਇਸ ਚਮਤਕਾਰੀ ਆਮਦ ਨਾਲ ਅਸੀਂ ਦਿਲੋਂ ਮਨੋ ਗਦ ਗਦ ਹੋਏ, ਫੁੱਲੇ ਨਹੀਂ ਸਮਾਏ। ਖਾਲਸਾ ਸਕੂਲ ਵੱਲੋਂ ਇੱਕਜੁੱਟ ਪੰਜਾਬ ਦੀ ਸਾਂਝੀ ਵਿਰਾਸਤ ਦਰਸਾਉਂਦੇ ਅਜਾਇਬ ਘਰ ਵਿੱਚ ਆਪ ਜੀ ਦੇ ਪਾਏ ਚਰਨ ਇਤਿਹਾਸਕ ਹੋ ਨਿਬੜੇ। ਆਪ ਜੀ ਜਿਸ ਤਰ੍ਹਾਂ ਵਿੱਦਿਅਕ, ਸਮਾਜੀ, ਧਾਰਮਿਕ ਅਤੇ ਵਾਤਾਵਰਨਿਕ ਖੇਤਰਾਂ ਦੇ ਕਾਰਜਾਂ ਰਾਹੀਂ ਸਮੁੱਚੇ ਮਨੁੱਖੀ ਸਮਾਜ ਨੂੰ ਜੋ ਸੇਧ ਦੇ ਰਹੇ ਹੋ ਉਹ ਅਤਿਅੰਤ ਲੋੜੀਂਦੀ ਅਤੇ ਅਜੋਕੇ ਦੌਰ ਦੇ ਅਨੁਕੂਲ ਹੈ। ਗੁਰੂ ਸਾਹਿਬ ਜੀ ਵੱਲੋਂ ਵਰੋਸਾਈ ਗੁਰ ਮਰਿਯਾਦਾ ਨੂੰ ਸਾਂਭੀ ਰੱਖਣ ਲਈ ਪੂਰੇ ਨਾਮਧਾਰੀ ਪੰਥ ਅੱਗੇ ਸਾਡਾ ਬਦੋ-ਬਦੀ ਸਿਰ ਝੁਕ ਜਾਂਦਾ ਹੈ। ਸਾਡੀ ਅਜੋਕੀ ਪੀੜ੍ਹੀ ਨੂੰ ਭਵਿੱਖ ਵਿੱਚ ਤੁਹਾਡੇ ਕਾਰਜਾਂ ਤੋਂ ਸੇਧ ਲੈਣ ਦੀ ਲੋੜ ਹੈ। ਆਪ ਜੀ ਦੇ ਸ਼ੁਕਰਗੁਜ਼ਾਰ ਡਾ. ਨਿਰਮਲ ਸਿੰਘ ਅਤੇ ਸ. ਬਲਦੇਵ ਸਿੰਘ ਸਿੱਧੂ।

**ਸਤਿਗੁਰੂ ਜੀ ਦੇ ਪਾਵਨ ਸ਼ਬਦ**

ਪਾਤਸ਼ਾਹ ਜੀ ਨੇ ਖੁਸੀਆਂ ਬਖਸ਼ਿਸ਼ ਕਰਦਿਆਂ ਇਸ ਪੱਤਰ ਦਾ ਉੱਤਰ ਇਹਨਾਂ ਪਾਵਨ ਸ਼ਬਦਾਂ ਨਾਲ ਦਿੱਤਾ-

ਡਾ. ਨਿਰਮਲ ਸਿੰਘ ਜੀ ਅਤੇ ਸਰਦਾਰ ਬਲਦੇਵ ਸਿੰਘ ਜੀ ਬਹੁਤ ਸਤਿਕਾਰ ਨਾਲ ਤੁਹਾਨੂੰ ਸਾਰਿਆਂ ਨੂੰ ਸਤਿ ਸ੍ਰੀ ਅਕਾਲ। ਮੈਂ ਆਪ ਦਾ ਧੰਨਵਾਦੀ ਹਾਂ ਕਿ ਤੁਸੀਂ ਪੰਜਾਬੀ ਸੱਥ ਦੇ ਇਸ ਅਜਾਇਬ ਘਰ ਨੂੰ ਮੈਨੂੰ ਬੜੇ ਪਿਆਰ ਨਾਲ ਦਿਖਾਇਆ ਅਤੇ ਮੈਨੂੰ ਤੁਸੀਂ ਇੰਨਾ ਮਾਣ ਬਖਸ਼ਿਆ। ਦੇਖ ਕੇ ਬਹੁਤ ਚੰਗਾ ਲੱਗਾ ਮੈਂ ਤੁਹਾਡੇ ਕੰਮ ਦੀ ਸ਼ਲਾਘਾ ਕਰਦਾ ਹਾਂ। ਜਿਸ ਤਰ੍ਹਾਂ ਤੁਸੀਂ ਯਾਦਗਾਰ ਨੂੰ ਅਤੇ ਖਾਸ ਕਰਕੇ ਪੰਜਾਬੀ ਵਿਰਸੇ ਨੂੰ ਸਾਂਭ ਕੇ ਰੱਖਿਆ ਹੈ ਇਹ ਬਹੁਤ ਹੀ ਸ਼ਲਾਘਾਯੋਗ ਹੈ। ਪਰਮਾਤਮਾ ਕਿਰਪਾ ਕਰੇ ਤੁਸੀਂ ਇਹ ਸੇਵਾ ਹੋਰ ਵੀ ਚੰਗੀ ਤਰ੍ਹਾਂ ਨਿਭਾ ਸਕੋ। ਸਾਡੇ ਵਾਸਤੇ ਕੋਈ ਵੀ ਸੇਵਾ ਹੋਵੇ ਅਸੀਂ ਤੁਹਾਡੇ ਨਾਲ ਹਾਜ਼ਰ ਹਾਂ। ਸਤਿ ਸ੍ਰੀ ਅਕਾਲ

ਪਰਮ ਪੂਜਯ ਸ੍ਰੀ ਸਤਿਗੁਰੂ ਜੀ ਦੇ ਪੰਜਾਬੀ ਸੱਥ ਲਾਂਬੜਾ ਦੇ ਵਿਹੜੇ ਵਿੱਚ ਚਰਨ ਪਾਉ ਨਾਲ ਮੈਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਸਿਰੀਰਾਗ ਦਾ ਇਹ ਸ਼ਬਦ ਯਾਦ ਆ ਰਿਹਾ ਹੈ -

ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ।

.....................................................

## ਇਰਾਨ-ਅਮਰੀਕਾ-ਇਜ਼ਰਾਈਲ ਜੰਗ...

ਅਰਬ ਦੇਸ਼ਾਂ ਵਿਚਲੇ ਅਮਰੀਕੀ ਫ਼ੌਜੀ ਅੱਡਿਆਂ ਦਾ ਬਹੁਤ ਨੁਕਸਾਨ ਹੋਇਆ ਹੈ ਤੇ ਉਸ ਦਾ ਇੱਕੋ-ਇੱਕ ਮਹਾਸ਼ਕਤੀ ਵਾਲਾ ਭਰਮ ਵੀ ਟੁੱਟਿਆ ਹੈ। ਸੰਸਾਰ ਭਰ ਵਿੱਚ ਤੇਲ-ਗੈਸ ਦਾ ਵੱਡਾ ਸੰਕਟ ਨਜ਼ਰ ਆ ਰਿਹਾ ਹੈ। 85 ਦੇਸ਼ਾਂ ਵਿੱਚ ਤੇਲ ਦੇ ਭਾਅ 50 ਫੀਸਦੀ ਤੱਕ ਵਧ ਚੁੱਕੇ ਹਨ। ਹਾਹਾਕਾਰ ਮੱਚੀ ਪਈ ਹੈ। ਰੂਸ ਨੇ ਇੱਕ ਅਪਰੈਲ ਤੋਂ ਅਗਲੇ ਚਾਰ ਮਹੀਨਿਆਂ ਲਈ ਆਪਣੇ ਤੇਲ ਤੇ ਗੈਸ ਦੇ ਨਿਰਯਾਤ ਉੱਤੇ ਰੋਕ ਲਾ ਦਿੱਤੀ ਹੈ। ਇਹ ਖ਼ਤਰਨਾਕ ਹਾਲਾਤ ਕੋਈ ਵੀ ਮੋੜ ਲੈ ਸਕਦੇ ਹਨ। ਇਜ਼ਰਾਈਲ-ਅਮਰੀਕਾ ਵਿੱਚ ਲੱਖਾਂ ਲੋਕ ਵੀ ਮੁਜ਼ਾਹਰੇ ਕਰ ਕੇ ਆਪਣੀਆਂ ਸਰਕਾਰਾਂ ਨੂੰ ਜੰਗ ਰੋਕਣ ਲਈ ਕਹਿ ਰਹੇ ਹਨ। ਯੂ ਐੱਨ ਦੇ ਸਕੱਤਰ ਜਨਰਲ ਗੁਟੇਰੇਜ਼ ਨੇ ਅਮਰੀਕਾ ਇਜ਼ਰਾਈਲ ਨੂੰ ਹਮਲੇ ਫੌਰੀ ਰੋਕਣ ਲਈ ਆਖਿਆ ਹੈ। ਅਮਰੀਕੀ ਮੈਗਜ਼ੀਨ 'ਟਾਈਮਜ਼' ਨੇ ਆਪਣੇ 'ਕਵਰ ਪੰਨੇ ਉੱਤੇ ਟਰੰਪ ਦੀ ਫੋਟੋ ਲਾ ਕੇ ਉੱਪਰ ਲਿਖਿਆ ਹੈ ਕਿ "ਟਰੰਪ ਬਾਹਰ ਨਿਕਲਣ ਦਾ ਰਾਹ ਲੱਭ ਰਿਹਾ ਹੈ।" ਓਥੋਂ ਦੇ ਸਰਵੇਖਣ ਦਿਖਾ ਰਹੇ ਹਨ ਕਿ ਟਰੰਪ ਦਾ ਸਮਰਥਨ ਸਿਰਫ਼ 35 ਫੀਸਦੀ ਰਹਿ ਗਿਆ ਹੈ। ਬੰਦੇ ਵੱਲੋਂ ਸਾਰੀ ਕੁਦਰਤੀ ਲੀਲਾ ਨੂੰ ਫ਼ਨਾਹ ਕਰਨ ਲਈ ਐਟਮ ਬੰਬ ਬਣਾਉਣੇ ਧਰਤੀ ਵਿਰੋਧੀ ਗੁਨਾਹ ਹੈ। ਕਾਸ਼! ਇਨਸਾਨ ਆਪਣਾ ਮੂਲ ਪਛਾਣ ਕੇ ਧਰਤੀ ਮਾਂ ਨਾਲ, ਕੁਦਰਤ ਨਾਲ ਆਪਣਾ ਪਿਆਰਾ ਰਿਸ਼ਤਾ ਬਣਾ ਲਵੇ।

# ਨਾਰੀ ਜਾਤੀ ਦੇ ਮੁਕਤੀ ਦਾਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ

**ਮਨਜੀਤ ਸਿੰਘ ਦਿੱਲੀ**

**ਅਜੋਕੇ ਸਮੇਂ ਦਾ ਨਾਅਰਾ ਬੇਟੀ ਬਚਾਓ ਬੇਟੀ ਪੜ੍ਹਾਓ**

ਸਤਿ ਸ੍ਰੀ ਅਕਾਲ ਜੀ ਸਾਧ ਸੰਗਤ ਜੀ- ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੇ ਵਿੱਚੋਂ ਇਹ ਬਚਨ ਕੁੜੀ ਦਾ ਮਾਰਨਾ ਗਊ ਤੇ ਵੀ ਵੱਡਾ ਪਾਪ ਹੈ। ਪੁਰਾਤਨ ਭਾਰਤੀ ਸੰਸਕ੍ਰਿਤੀ ਦੇ ਅਨੁਸਾਰ ਸਮਾਜ ਵਿੱਚ ਇਸਤਰੀ ਦਾ ਸਤਿਕਾਰ ਦੀ ਪਰੰਪਰਾ ਸੀ, ਮਰਦ ਦੀ ਅਰਧਾਂਗਣੀ ਕਹਾਈ ਜਾਣ ਵਾਲੀ ਇਸਤਰੀ ਸਮਾਜ ਦਾ ਅੱਧਾ ਅੰਗ ਹੁੰਦੀ ਹੈ ਇਸਤਰੀ ਦੇ ਉਨਤੀ ਅਤੇ ਗਿਰਾਵਟ ਤੇ ਹੀ ਰਾਸ਼ਟਰ ਦੀ ਉਨਤੀ ਅਤੇ ਗਿਰਾਵਟ ਨਿਰਭਰ ਕਰਦੀ ਹੈ

**ਔਰਤ ਦੀ ਦੁਰ-ਦਸ਼ਾ**

ਭਾਰਤੀ ਸਮਾਜ ਵਿੱਚ ਸਦੀਆਂ ਪਹਿਲਾਂ ਔਰਤ ਨੂੰ ਜੋ ਉੱਚ ਸਥਾਨ ਪ੍ਰਾਪਤ ਸੀ ਉਹ ਬਾਅਦ ਵਿੱਚ ਬਹੁਤ ਹੀ ਨੀਵੀਂ ਪੱਧਰ ਤੇ ਜਾ ਡਿੱਗਾ। ਸਮਾਜ ਵਿੱਚ ਇਸਤਰੀ ਦੀ ਇਤਨੀ ਦੁਰਦਸ਼ਾ ਹੋ ਗਈ ਕਿ ਉਸਨੂੰ ਪੈਰ ਦੀ ਜੁੱਤੀ ਸਮਝਿਆ ਜਾਨ ਲੱਗ ਪਿਆ, ਇਥੋਂ ਤੱਕ ਆਖਿਆ ਜਾਣ ਲੱਗ ਪਿਆ ਢੋਰ ਗਵਾਰ ਸ਼ੁਦਰ ਅਰ ਨਾਰੀ ਚਾਰੋ ਤਾੜਣ ਕੇ ਅਧਿਕਾਰੀ''

ਜਦੋਂ ਆਪਾਂ ਗੁਰੂ ਨਾਨਕ ਦੇਵ ਜੀ ਦੇ ਵੇਲੇ ਦਾ ਇਤਿਹਾਸ ਪੜ੍ਹਦੇ ਹਾਂ ਤੇ ਉਸ ਵੇਲੇ ਵੀ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਵੇਖਦੇ ਨੇ, ਇਸਤਰੀ ਦੀ ਜਿਹੜੀ ਹਾਲਤ ਹੈ ਉਹ ਬਹੁਤ ਮਾੜੀ ਸੀ। ਸੰਸਾਰ ਦੇ ਵੱਡੇ-ਵੱਡੇ ਆਗੂ ਪ੍ਰਚਾਰਕ ਧਾਰਮਿਕ ਗੁਰੂ, ਸਿੱਧ, ਜੋਗੀ, ਇਸਤਰੀ ਤੋਂ ਮੂੰਹ ਮੋੜ ਉਹ ਜੰਗਲਾਂ, ਪਰਬਤਾਂ ਨੂੰ ਚਲੇ ਗਏ ਆਮ ਕਰਕੇ ਲੋਕਾਂ ਦੇ ਵਿੱਚ ਇਹ ਪ੍ਰਚਾਰ ਸੀ ਕਿ ਗ੍ਰਹਿਸਤ ਧਰਮ ਦੇ ਵਿੱਚ ਰਹਿ ਕੇ, ਗ੍ਰਸਤ ਜੀਵਨ ਵਿੱਚ, ਪਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ ਇਸਤਰੀ ਨੂੰ ਨਿੰਦਿਆ ਗਿਆ ਕਿ ਇਹ ਨਰਕ ਦੁਆਰੀ, ਨਰਕ ਦਾ ਘਰ ਆ, ਜਿਸ ਨੇ ਵਿਆਹ ਕਰਵਾ ਲਿਆ ਉਹ ਪਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦਾ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਉਹਨਾਂ ਜੋਗੀਆਂ-ਸਿੱਧਾਂ ਦੇ ਕੋਲ ਸੁਮੇਰ ਪਰਬਤ ਤੇ ਗਏ ਉਹਨਾਂ ਦੇ ਨਾਲ ਜਾ ਕੇ ਗੋਸ਼ਟੀਆਂ ਕੀਤੀਆਂ ਉਹਨਾਂ ਨੂੰ ਜਾ ਕੇ ਪੁੱਛਿਆ ਭਾਈ ਤੁਸੀਂ ਇਸਤਰੀ ਦਾ ਤਿਆਗ ਕਿਉਂ ਕਰ ਦਿੱਤਾ ਤੇ ਉਹ ਜੋਗੀ ਆਖਦੇ ਨੇ ਇਸਤਰੀ ਨੀਵੀਂ ਜਾਤ ਏ।

ਅਸੀਂ ਪੜ੍ਹਦੇ ਆਂ ਨਾਥ ਪਰੰਪਰਾ ਦੇ ਜੋਗੀਆਂ ਨੇ ਇਸਤਰੀ ਵਾਸਤੇ ਬਹੁਤ ਮਾੜੇ ਲਫਜ਼ ਵਰਤੇ "ਕਾਮ ਪੁਤਲੀ-ਝੂਠ ਦੀ ਮੂਰਤ, ਬਗਿਆੜਨ, ਇਥੋਂ ਤੱਕ ਆਖਣ ਲੱਗੇ ਕਿ ਇਸਤਰੀ ਜਿਹੜੀ ਨੀਵੀਂ ਜਾਤ ਆ" ਇਹ ਕਿਸੇ ਇਲਾਕੇ ਦੀ ਕੋਈ ਪੈਗੰਬਰ, ਕੋਈ ਬਾਦਸ਼ਾਹ, ਕੋਈ ਰਾਜਾ, ਕੋਈ ਭਗਤ ਨਹੀਂ ਬਣ ਸਕੀ।

ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਬਚਨ ਕੀਤਾ ਕਿ ਚਲੋ ਤੁਹਾਡੀ ਇਹ ਗੱਲ ਮੰਨ ਲੈਂਦੇ ਆ ਕਿ ਉਹ ਇਸਤਰੀ ਕੋਈ ਰਾਜਾ ਨਹੀਂ ਬਣ ਸਕੀ ਕੋਈ ਬਾਦਸ਼ਾਹ ਕੋਈ ਚੰਗੀ ਕਾਰੀਗਰ ਨਹੀਂ ਬਣ ਸਕੀ ਪਰ ਮੈਨੂੰ ਇਹ ਗੱਲ ਦੱਸੋ ਕਿ ਤੁਸੀਂ ਜੋ ਨਾਮ, ਅਹੁਦੇ ਦੱਸੇ ਨੇ ਇਹਨਾਂ ਨੂੰ ਜਨਮ ਦੇਣ ਵਾਲੀ ਕੌਣ ਹੈ।

ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਉਸ ਵੇਲੇ ਇਹ ਪਾਠ ਲਿਖਦੇ ਨੇ ਜੋ ਕਿ ਆਪਾਂ ਆਸਾ ਦੀ ਵਾਰ ਦੇ ਵਿੱਚ ਸੁਣਦੇ, ਪੜ੍ਹਦੇ ਆਂ-

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ,
ਭਮਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥

ਇਥੇ ਭੰਡ ਦਾ ਅਰਥ ਆ ਇਸਤਰੀ ਤੋਂ ਹੀ ਸੰਸਾਰ ਦਾ ਰਾਹ ਚੱਲਦਾ ਜਦੋਂ ਸੰਸਾਰ ਦੇ ਵਿੱਚ ਇਸਤਰੀ ਦੀ ਹੋਂਦ ਘੱਟ ਗਈ ਹੈ ਉਦੋਂ ਸੰਸਾਰ ਘੱਟ ਗਿਆ। ਜਦੋਂ ਜਦੋਂ ਇਸਤਰੀ ਦੀ ਹੋਂਦ ਵਧੀ ਉਦੋਂ ਸੰਸਾਰ ਨੇ ਵੀ ਉਨਤੀ ਹੀ ਕੀਤੀ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ
ਭੰਡੁ ਮੂਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥

ਜਦੋਂ ਕੋਈ ਇਸਤਰੀ ਮਰ ਜਾਂਦੀ ਹੈ ਪਤੀ ਜਿਹੜਾ ਇਕੱਲਾ ਘਰ ਨਹੀਂ ਚਲਾ ਸਕਦਾ ਉਹ ਦੂਸਰੀ ਇਸਤਰੀ ਦੀ ਭਾਲ ਕਰਦਾ "ਭੰਡੁ ਮੁਆ ਭੰਡੁ ਭਾਲੀਐ" ਉਹ ਭਾਲਣ ਵਾਸਤੇ ਜਾਂਦਾ ਹੈ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ਇਸਤਰੀ ਦੇ ਨਾਲ ਹੀ ਸਮਾਜ ਦੇ ਵਿੱਚ ਸਾਰੀਆਂ ਰਿਸ਼ਤੇਦਾਰੀਆਂ ਬਣਦੀਆਂ ਤੇ ਗੁਰੂ ਨਾਨਕ ਦੇਵ ਸੱਚੇ

ਪਾਤਸ਼ਾਹ ਕਹਿ ਰਹੇ ਨੇ ਹੇ ਜੋਗੀ ਉਹ ਸਿੱਧੋ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਰਾਜਿਆਂ ਨੂੰ ਭਗਤਾਂ ਨੂੰ ਪੀਰਾਂ ਪੈਗੰਬਰਾਂ ਨੂੰ ਜਨਮ ਦੇਣ ਵਾਲੀ ਅਤੇ ਆਵਾਜ਼ ਚੁੱਕੀ ਔਰਤ ਪੈਰ ਦੀ ਜੁੱਤੀ ਨਹੀਂ ਸਗੋਂ ਗ੍ਰਹਿਸਤ ਜੀਵਨ ਦਾ ਆਧਾਰ ਹੁੰਦੀ ਹੈ ਭਾਈ ਬਾਲੇ ਵਾਲੀ ਜਨਮ ਸਾਖੀ ਦੇ ਵਿੱਚ ਵੀ ਗੁਰੂ ਸਾਹਿਬ ਫਰਮਾਉਂਦੇ ਹਨ "ਸੁਨ ਭਾਈ ਬਾਲਾ ਇਹ ਬੜੀ ਭਾਰੀ ਹੱਤਿਆ ਹੈ ਕੰਨਿਆ ਦਾ ਦਰਬ ਲੈਣਾ ਤੇ ਕੰਨਿਆ ਮਾਰਨਾ" ਪਰ ਸੰਸਾਰ ਇਸ ਹੱਤਿਆ ਵਿੱਚ ਲੱਗ ਰਿਹਾ ਹੈ ਭਾਈ ਚੋਪਾ ਸਿੰਘ ਜੀ ਗੁਰੂ ਸਾਹਿਬ ਦੇ ਰਹਿਤਨਾਮੇ ਦੇ ਵਿੱਚ ਲਿਖਦੇ ਹਨ "ਜੋ ਕੋਈ ਗੁਰੂ ਕਾ ਸਿੱਖ ਹੋਏ ਸੋ ਕੰਨਿਆ ਨਾ ਮਾਰੇ, ਨੜੀ ਮਾਰ ਅਤੇ ਕੁੜੀ ਮਾਰ ਨਾਲ ਨਾ ਵਰਤੇ।"

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਆਪਣੇ ਬਚਨ ਦੁਆਰਾ ਦੱਸਿਆ ਕਰਦੇ ਸਨ "ਸੀਲ ਖਾਨ ਕੰਨਿਆ ਇਕ ਹੋਵੇ ਇਸਤਰੀ ਬਿਨਾ ਜਗ ਗ੍ਰਸਤ ਵੀ ਹੋਵੇ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮੇ ਚੌਥੇ ਵਿੱਚ ਲਿਖਦੇ ਹਨ "ਜੋ ਕੁੜੀ ਮਾਰੇ, ਜੇਕਰ ਅੱਛੀ ਤਰਾਂ ਮਾਲੂਮੀ ਹੋਏ ਜਾਵੇ, ਉਸਦੇ ਨਾਲ ਨਹੀਂ ਵਰਤਣਾ ਨਾ ਹੀ ਸੰਗਤ ਮੇ ਵੜਨ ਦੇਣਾ।"

ਹੁਕਮਨਾਮੇ 28 ਦੇ ਵਿੱਚ ਲਿਖਦੇ ਹਨ "ਹੋਰ ਆਗੇ ਜੋ ਲੜਕੀ ਮਾਰ ਦੇਣੇ ਦਾ ਔਰ ਲੜਕੀ ਬੇਚਨੇ ਦਾ ਵੱਟਾ ਕਰਨੇ ਦਾ ਵੱਡਾ ਪਾਪ ਹੈ ਜੋ ਮਾਰਨੇ ਦਾ ਇਹੋ ਪਾਪ ਹੈ ਜੋ ਲੜਕੀਓ ਮੈ ਬਹੁਤ ਗੁਣ ਹੈ ਅਨੇਕ ਤਰ੍ਹਾਂ ਦੇ ਸੁੱਖ ਦਿੰਦੀਆਂ ਹੈ ਇਸਤਰੀਆਂ ਗਿਣੇ ਨਹੀਂ ਜਾਂਦੇ ਮੇਰੇ ਪਾਸ ਤੇ, ਕੁੜੀ ਦਾ ਮਾਰਨਾ ਗਊ ਤੇ ਵੀ ਵੱਡਾ ਪਾਪ ਹੈ, ਔਰ ਵੱਟਾ ਕਰਨੇ ਤੇ ਦਮ ਲੈਣੇ ਤੇ ਕੁੜੀ ਕੋ ਬਰ ਅੱਛਾ ਨਹੀਂ ਮਿਲਦਾ, ਦਮ ਲੈਣੇ ਤੇ ਕੁੜੀ ਦੇ ਘਰ ਰਿਜ਼ਕ ਨਹੀਂ ਰਹਦਾ ਕੁੜੀ ਬਹੁਤ ਦੁਖੀ ਹੁੰਦੀ ਹੈ ਨਾਲੇ ਕੁੜੀ ਬਿਵਿਚਾਰਣੀ ਹੋਇ ਜਾਂਦੀ ਹੈ ਬਹੁਤੇ ਥਾਈ ਖਰਾਬ ਹੁੰਦੀ ਰਹਿੰਦੀ ਹੈ ਇਹੋ ਸਾਰੇ ਪਾਪ ਮਾਪਿਓ ਕੋ ਲਗਦਾ ਹੈ" ਰੱਬ ਜਾਣੇ ਕੀ ਹੋ ਗਿਆ ਹੈ ਇਸ ਸਮਾਜ ਨੂੰ ਇਤਨੀ ਘਟੀਆ ਸੋਚ ਪੁਰਾਤਨ ਸਮੇਂ ਦੇ ਵਿੱਚ ਕੁੜੀਆਂ ਨੂੰ ਜੰਮਣ ਤੋਂ ਜੰਮਦਿਆਂ ਹੀ ਮਾਰ ਦੇਣਾ ਤੇ ਉਹਨਾਂ ਦੀ ਗਲਾ ਘੁੱਟ ਆਖਣਾ ਗੁੜ ਖਾਈ ਪੂਣੀ ਕਤੀ ਆਪ ਨ ਆਈ ਵੀਰ ਨੂੰ ਘੱਤੀ ਅੱਜ ਦੇ ਸਮੇਂ ਦੇ ਵਿੱਚ ਪਿੰਡ ਦੀ ਸਾਂਝੀ ਭੂਆ ਦਾ ਜਿਹੜਾ ਕੰਮ ਹੈ ਉਹ ਪ੍ਰਾਈਵੇਟ ਨਰਸਿੰਗ ਹੋਮ ਤੇ ਪੜ੍ਹੇ ਲਿਖੇ ਡਾਕਟਰ ਕਰਨ ਲੱਗ ਪਏ ਸਿਆਣਿਆਂ ਦਾ ਕਥਨ ਹੈ ਡਾਕਟਰ ਰੱਬ ਦਾ ਦੂਸਰਾ ਰੂਪ ਹੁੰਦਾ ਹੈ। ਇਹ ਉਹ ਡਾਕਟਰ ਵੀ ਰੱਬ ਦਾ ਰੂਪ ਹੋਵੇਗਾ ਜੋ ਇਹ ਮਾਸੂਮ ਬੱਚਿਆਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਦਵਾਈਆਂ ਦੇ ਕੇ ਕੱਟ ਕੱਟ ਕੇ ਨੋਚ ਕੇ ਕਤਲ ਕਰਦਾ ਹੈ ਨਹੀਂ ਉਹ ਤਾਂ ਕਸਾਈਆਂ ਦਾ ਦੂਸਰਾ ਰੂਪ ਹੈ, ਬੇਸ਼ਕ ਉਹਨਾਂ ਮਾਸੂਮ ਬੱਚੀਆਂ ਦੀਆਂ ਚੀਕਾਂ, ਅੰਨ੍ਹੇ ਬੋਲੇ ਹੋਏ ਮਾਪਿਆਂ ਦੇ ਕੰਨਾਂ ਤੱਕ ਨਹੀਂ ਪਹੁੰਚਦੀਆਂ ਪਰ ਉਸ ਅਕਾਲ ਪੁਰਖ ਤੱਕ ਜ਼ਰੂਰ ਪਹੁੰਚਦੀਆਂ ਹਨ ਤੇ ਉਹ ਇਸ ਜੁਲਮ ਦੇ ਭਾਗੀਦਾਰਾਂ ਨੂੰ ਵੀ ਸਜ਼ਾ ਜ਼ਰੂਰ ਦਿੰਦਾ ਹੈ। ਨੰਨੀ ਮੁੰਨੀ ਬੱਚੀ ਦੇ ਕਾਤਲ ਜੇਕਰ ਇਹ ਸਮਝਦੇ ਹਨ ਕਿ ਜੀ ਅਸੀਂ ਤਾਂ ਦਾਜ ਰੂਪੀ ਦੈਤ ਦੇ ਨਿਗਲ ਜਾਣ ਦੇ ਡਰ ਤੋਂ ਇਸ ਮਾਸੂਮ ਬਾਲੜੀ ਨੂੰ ਮੌਤ ਦੇ ਘਾਟ ਉਤਾਰਿਆ ਹੈ ਤਾਂ ਇਹ ਉਹਨਾਂ ਦੀ ਬਹੁਤ ਨੀਵੀ ਸੋਚ ਹੈ। ਹੋ ਸਕਦਾ ਹੈ ਉਹ ਬੱਚੀ ਕੋਈ ਵਕੀਲ, ਅਫ਼ਸਰ ਜਾਂ ਮੰਤਰੀ ਬਣ ਕੇ ਹੀ ਇਸ ਦਾਜ ਰੂਪੀ ਦੈਂਤ ਨੂੰ ਹੀ ਮਾਰ ਦਵੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫਰਮਾਉਂਦੇ ਨੇ ਭਰੂਣ ਹੱਤਿਆ ਨਾ ਕਰੋ, ਗਰਭ ਟੈਸਟ ਨਾ ਕਰਵਾਓ ਗਰਭ ਦੇ ਵਿੱਚ ਕੁੜੀਆਂ ਨੂੰ ਨਾ ਮਾਰੋ 24 ਜੂਨ 1993 ਦੇ ਵਿੱਚ ਮਲੇਰਕੋਟਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਦੇ ਹੇਠ ਨਾਮਧਾਰੀ ਸਮਾਜ ਨੇ ਇੱਕ ਮਤਾ ਪਾਸ ਕੀਤਾ ਤੇ ਸਰਕਾਰ ਪਾਸੋਂ ਮੰਗ ਕੀਤੀ ਕਿ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਮਾਰਨ ਵਾਲੇ ਇਹ ਡਾਕਟਰ ਕਸਾਈ ਖਾਨੇ ਬੰਦ ਹੋ ਜਾਣ ਆਂਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਮਰਦਾਂ ਦੇ ਪਿੱਛੇ ਔਰਤਾਂ ਦੀ ਗਿਣਤੀ ਕਾਫੀ ਘੱਟ ਗਈ ਹੈ, ਇਹ ਚਿੰਤਾ ਦਾ ਵਿਸ਼ਾ ਹੈ। ਡਾਕਟਰ ਜੋਗਿੰਦਰ ਸਿੰਘ ਜੀ ਨੇ ਨਾਮਧਾਰੀ ਸਮਾਜ ਦੇ ਸਰਵੇਖਣ ਦੇ ਵਿੱਚ ਦੇਖਿਆ ਕਿ ਹਜ਼ਾਰ ਵਰਗਾਂ ਦੇ ਪਿੱਛੇ 947 ਬੀਬੀਆਂ ਹਨ ਤੇ ਇਥੋਂ ਹੀ ਭਾਰਤ ਦੀ ਜਨਗਣਨਾ ਜਦੋਂ ਕੀਤੀ ਤਾਂ ਉਹਦੇ ਵਿੱਚ ਹਜ਼ਾਰ ਮਰਦਾਂ ਦੇ ਪਿੱਛੇ 823 ਔਰਤਾਂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਫਰਮਾਉਂਦੇ ਨੇ ਭਈ ਤੁਹਾਨੂੰ ਪਤਾ ਜੇ ਕਰ ਜਮੀਨ ਨਹੀਂ ਹੋਵੇਗੀ ਤਾਂ ਫਸਲ ਨਹੀਂ ਹੋ ਸਕਦੀ। ਇਸੇ ਤਰ੍ਹਾਂ ਜੇਕਰ ਔਰਤ ਦਾ ਜਾਮਾ ਨਹੀਂ ਹੋਵੇਗਾ ਤਾਂ ਮਰਦ ਪੈਦਾ ਨਹੀਂ ਹੋ ਸਕਦਾ। ਅਗਰ ਔਰਤ ਨਾਲ ਹੋਤੀ ਵਾਂਗੂ ਆਲਮ ਮੇ ਤੋ ਕਿਆ ਹੋਤਾ ਸਾਰਾ ਆਲਮ ਹੀ ਇਕ ਨੁਕਤੇ ਮੇ ਸਿਮਟ ਗਿਆ ਹੋਤਾ। ਭਾਈ ਗੁਰਦਾਸ ਜੀ ਦਾ ਫਰਮਾਨ-

ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ।
ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।

**ਕੁਝ ਕੁ ਜ਼ਰੂਰੀ ਵਿਚਾਰ ਅੰਮ੍ਰਿਤ ਦੀ ਦਾਤ ਬਾਰੇ**

ਅੰਮ੍ਰਿਤ ਸਿਰਫ ਪਾਣੀ ਨਹੀਂ ਹੈਗਾ ਜਿਹੜਾ ਕਿ

ਜਿਹਦੇ ਵਿੱਚ ਪਤਾਸੇ ਘੋਲ ਕੇ ਦੇ ਦਿੱਤੇ ਗਏ ਨੇ, ਅੰਮ੍ਰਿਤ ਨਾਮ ਆ ਇੱਕ ਵਿਸ਼ਵਾਸ ਦਾ, ਇੱਕ ਪ੍ਰਤੀਤ ਦਾ, ਇੱਕ ਭਰੋਸੇ ਦਾ ਜੋ ਪ੍ਰਤੀਤ, ਜੋ ਭਰੋਸਾ, ਅੰਮ੍ਰਿਤ ਛੱਕ ਕੇ ਭਾਈ ਤਾਰੂ ਸਿੰਘ ਨੂੰ ਹੋਇਆ। ਜਦੋਂ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਅੰਮ੍ਰਿਤ ਛਕਾਉਂਦੇ ਨੇ ਕੇਸਗੜ ਦੇ ਮੈਦਾਨ ਦੇ ਵਿੱਚ ਉੱਥੇ ਪਹਾੜੀ ਰਾਜੇ ਵੀ ਬੈਠੇ ਹੋਏ ਸਨ। ਪਹਾੜੀ ਰਾਜੇ ਆ ਕੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਨੂੰ ਕਹਿੰਦੇ ਨੇ ਕਿ ਜਿਨਾਂ ਨੂੰ ਤੁਸੀਂ ਅੰਮ੍ਰਿਤ ਛਕਾਉਣ ਲੱਗੇ ਹੋ ਇਹ ਤੇ ਨੀਵੀਆਂ ਜਾਤਾਂ ਦੇ ਲੋਕ ਨੇ ਜੱਟ, ਛੀਬੇ, ਨਾਈ, ਤਰਖਾਣ ਇਹਨਾਂ ਨੂੰ ਮੂੰਹ ਨਾ ਲਾਓ। ਅਸੀਂ ਰਾਜੇ ਆਂ ਸਾਨੂੰ ਅੰਮ੍ਰਿਤ ਛਕਾਉ। ਸਾਡੇ ਖਜ਼ਾਨੇ ਖੁੱਲ੍ਹੇ ਪਏ ਨੇ ਹੀਰੇ ਮੋਤੀ ਜਵਾਹਰਾਤ ਸਾਡੇ ਕੋਲੋਂ ਤੁਸੀਂ ਉਹ ਲੈ ਲਓ ਲੇਕਿਨ ਇਹ ਅੰਮ੍ਰਿਤ ਸਾਨੂੰ ਦਿਓ ਤੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਉਹਨਾਂ ਰਾਜਿਆਂ ਨੂੰ ਕਹਿੰਦੇ ਨੇ ਅੰਮ੍ਰਿਤ ਇੱਕ ਪ੍ਰਤੀਤ ਦਾ ਭਰੋਸੇ ਦਾ ਨਾਮ ਹੈ, ਇੱਕ ਪ੍ਰੇਮ ਦਾ ਨਾਮ ਹੈ, ਅੰਮ੍ਰਿਤ ਉਹ ਸਿਰਫ ਇੱਕ ਮਿੱਠਾ ਪਾਣੀ ਨਹੀਂ, ਅੰਮ੍ਰਿਤ ਇੱਕ ਪ੍ਰੇਮ ਹੈ, ਇੱਕ ਭਰੋਸਾ ਹੈ, ਮੈਂ ਇਹ ਦਾਤ ਆਪਣੇ ਗਰੀਬ ਸਿੱਖਾਂ ਨੂੰ ਦੇਣੀ ਹੈ। ਇਨ ਸਿੰਘਨ ਕੋ ਦਈਐ ਪਤਿਸ਼ਾਹੀ ਇਹ ਯਾਦ ਰਖਹਿ ਹਮਰੀ ਗੁਰਿਆਈ। ਸੋ ਅੰਮ੍ਰਿਤ ਜਿਹੜਾ ਇੱਕ ਪ੍ਰਤੀਤ ਦਾ ਭਰੋਸੇ ਦਾ ਨਾਮ ਹੈ। ਇੱਕ ਪ੍ਰੇਮ ਦਾ ਨਾਮ ਹੈ। ਅੰਮ੍ਰਿਤ ਉਹ ਸਿਰਫ ਇੱਕ ਮਿੱਠਾ ਪਾਣੀ ਨਹੀਂ ਅੰਮ੍ਰਿਤ ਇੱਕ ਪ੍ਰੇਮ ਹੈ ਇੱਕ ਭਰੋਸਾ ਹੈ। ਸਤਿਗੁਰੂ ਜੀ ਲਿਖਦੇ ਨੇ-

ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥

ਅੰਮ੍ਰਿਤ ਇੱਕੋ ਹੀ ਹੈ ਪਰ ਉਹਦੇ ਰੂਪ ਅਲਗ ਅਲਗ ਨੇ ਉਹਦੇ ਰੂਪ ਵੱਖ ਵੱਖ ਨੇ ਜਿਸ ਤਰ੍ਹਾਂ ਪਰਮਾਤਮਾ ਇੱਕ ਆ ਤੇ ਉਸ ਪਰਮਾਤਮਾ ਦੇ ਰੂਪ ਅਲੱਗ ਨੇ, ਅਨੇਕਾਂ ਰੂਪਾਂ ਦੇ ਵਿੱਚ ਪਰਮਾਤਮਾ ਇਸ ਸ੍ਰਿਸ਼ਟੀ ਦੇ ਵਿੱਚ ਵਿਆਪਕ ਹੈ।

ਘੱਟ-ਘੱਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥

ਇਸੇ ਤਰ੍ਹਾਂ ਅੰਮ੍ਰਿਤ ਜਿਹੜਾ ਉਹ ਅੰਮ੍ਰਿਤ ਹੈ ਇੱਕੋ ਹੀ ਕਿਤੇ ਉਹ ਅੰਮ੍ਰਿਤ ਜਿਹੜਾ ਸਮੁੰਦਰ ਮੰਥਨ ਦੇ ਵਿੱਚੋਂ ਪ੍ਰਗਟ ਹੋਇਆ। ਦੇਵਤਿਆਂ ਨੇ ਰਾਖਸ਼ਾਂ ਨੇ ਮੰਥਨ ਕੀਤਾ ਉਹਦੇ ਵਿੱਚੋਂ ਨਿਕਲਿਆ। ਕਿਤੇ ਉਹ ਅੰਮ੍ਰਿਤ ਜਿਹੜਾ ਸਾਡੀ ਗੁਰਬਾਣੀ ਦੇ ਰੂਪ ਦੇ ਵਿੱਚ ਵੀ ਹੈ। ਗੁਰਬਾਣੀ ਨੂੰ ਸਤਿਗੁਰੂ ਜੀ ਦੀ ਬਾਣੀ ਨੂੰ ਅੰਮ੍ਰਿਤ ਕਿਹਾ-

ਮਾਝ ਮਹਲਾ ੫॥

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥

ਕਿਤੇ ਬਾਣੀ ਨੂੰ ਅੰਮ੍ਰਿਤ ਕਿਹਾ ਗਿਆ, ਕਿਤੇ ਨਾਮ ਨੂੰ ਅੰਮ੍ਰਿਤ ਆਖਿਆ ਗਿਆ।

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ॥

ਦੇਵੀ ਦੇਵਤੇ ਵੀ ਅੰਮ੍ਰਿਤ ਲੱਭਦੇ ਫਿਰ ਰਹੇ ਨੇ ਇਥੇ ਅੰਮ੍ਰਿਤ ਦਾ ਭਾਵ ਨਾਮ ਤੋਂ ਹੀ ਹੈ। ਕਿਤੇ ਅੰਮ੍ਰਿਤ ਬਾਣੀ ਦੇ ਰੂਪ ਦੇ ਵਿੱਚ ਹੈ। ਕਿਤੇ ਗੁਰੂ ਦੇ ਬਚਨਾਂ ਦੇ ਰੂਪ ਦੇ ਵਿੱਚ ਹੈ। ਕਿਤੇ ਨਾਮ ਦੇ ਰੂਪ ਦੇ ਵਿੱਚ ਹੈ। ਕਿਤੇ ਉਹ ਅੰਮ੍ਰਿਤ ਚਰਨ ਅੰਮ੍ਰਿਤ ਦੇ ਰੂਪ ਦੇ ਵਿੱਚ ਵੀ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਤੋਂ ਲੈ ਕੇ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਤੱਕ ਸਾਡੇ ਨੌ ਗੁਰੂ ਸਾਹਿਬਾਨ ਆਪਣੇ ਚਰਨਾਂ ਦੀ ਪਹੁਲ ਦੇ ਕੇ ਚਰਨਾਮ੍ਰਿਤ ਦੇ ਕੇ ਸਿੱਖ ਬਣਾਉਂਦੇ ਰਹੇ। ਇਸ ਤਰ੍ਹਾਂ ਸਿੱਖ ਸਜਾਏ ਜਾਂਦੇ ਸਨ। ਭਾਈ ਗੁਰਦਾਸ ਜੀ ਵੀ ਲਿਖਦੇ ਨੇ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ ਬਾਰੇ-

ਚਰਨ ਧੋਇ ਰਹਰਾਸਿ ਕਰਿ
ਚਰਣਾਮ੍ਰਿਤੁ ਸਿਖਾਂ ਪੀਲਾਇਆ।

ਹੁਣ ਬਹੁਤ ਸਾਰੇ ਪ੍ਰਚਾਰਕਾਂ ਨੇ ਜਾਂ ਤਸਵੀਰਾਂ ਬਣਾਉਣ ਵਾਲਿਆਂ ਨੇ ਇਸ ਗੱਲ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਉੱਥੇ ਮਾਤਾ ਸਾਹਿਬ ਦੇਵਾ ਜੀ ਨੇ ਪਤਾਸੇ ਪਾਏ ਪਰ ਜਦੋਂ ਅਸੀਂ ਇਤਿਹਾਸ ਨੂੰ ਪੜ੍ਹਾਂਗੇ ਤੇ ਮਾਤਾ ਸਾਹਿਬ ਦੇਵਾਂ ਜੀ ਦਾ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਦੇ ਨਾਲ ਵਿਆਹ ਬਿਕਰਮੀ ਸੰਮਤ 1757, 18 ਵਿਸਾਖ ਨੂੰ ਹੁੰਦਾ ਜਿਸ ਦਿਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਅੰਮ੍ਰਿਤ ਛਕਾਉਂਦੇ ਨੇ ਉਹਦੇ ਤੋਂ 1 ਸਾਲ ਤੇ 18 ਦਿਨ ਬਾਅਦ ਮਾਤਾ ਸਾਹਿਬ ਦੇਵਾ ਜੀ ਗੁਰੂ ਘਰ ਵਿੱਚ ਆਉਂਦੇ ਨੇ ਸਤਿਗੁਰੂ ਜੀ ਦੇ ਮਹਿਲ ਦੇ ਰੂਪ ਦੇ ਵਿੱਚ ਸੋ ਇਹ ਗੱਲ ਬਿਲਕੁਲ ਨਿਰਮੂਲ ਤੇ ਝੂਠੀ ਹੈ ਪਰ ਤਸਵੀਰਾਂ ਬਣਾਉਣ ਵਾਲਿਆਂ ਨੇ ਝੂਠੇ ਪ੍ਰਚਾਰਕਾਂ ਨੇ ਇਸ ਗੱਲ ਦਾ ਪ੍ਰਚਾਰ ਕਰ ਦਿੱਤਾ ਕਿ ਲੋਕਾਂ ਨੇ ਆਮ ਲੋਕਾਂ ਨੇ ਕਿਹੜੀ ਇਹ ਗੱਲ ਕਿਤੇ ਪੜ੍ਹਨੀ ਹੈ ਤੇ ਉਹ ਗੱਲ ਜਿਹੜੇ ਆਮ ਲੋਕਾਂ ਦੇ ਵਿੱਚ ਪ੍ਰਚਲਤ ਹੋ ਗਈ ਕਿ ਮਾਤਾ ਸਾਹਿਬ ਦੇਵਾ ਜੀ ਨੇ ਉੱਥੇ ਪਤਾਸੇ ਪਾਏ ਇਹ ਗੱਲ ਬਿਲਕੁਲ ਨਿਰਮੂਲ ਹੈ।

**ਚਲਦਾ...**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

25 ਮਈ 1987, ਸੋਮਵਾਰ
ਨਵੀਂ ਦਿੱਲੀ ਅਤੇ ਕੇ.ਕੇ. ਐਕਸਪ੍ਰੈਸ

11:30 ਜਦੋਂ ਨੂੰ ਮੈਂ ਨਵੀਂ ਦਿੱਲੀ ਸਟੇਸ਼ਨ ਤੇ ਪਹੁੰਚਾ ਪਰ ਜਾਣ ਵਾਲੇ ਹੋਰ ਵੀ 20 ਮਿੰਟ ਲੇਟ ਆਏ। ਕਿੰਨਾ ਸਾਰਾ ਸਮਾਨ ਤੇ 14 ਆਦਮੀ ਇਸਤਰੀਆਂ। ਸੰਤ ਅਮਰੀਕ ਸਿੰਘ ਪੱਦੀ ਖਾਲਸਾ, ਸਿੰਦਰ ਸਿੰਘ ਤੇ ਦਰਸ਼ਨ ਸਿੰਘ ਅੰਮ੍ਰਿਤਸਰੀਆ ਲੀਡਰ। ਹੌਲੀ-ਹੌਲੀ ਪਤਾ ਲੱਗਾ ਕਿ ਸਾਡੀਆਂ ਸੀਟਾਂ ਰਿਜ਼ਰਵ ਨਹੀਂ ਹੋ ਸਕੀਆਂ ਵੇਟਿੰਗ ਲਿਸਟ ਵਿਚ ਸਾਡਾ ਨਾਮ ਹੈ। ਹੋਰ ਮਜ਼ੇਦਾਰ ਗੱਲ ਇਹ ਕਿ 5-6 ਵੱਖ-ਵੱਖ ਡੱਬਿਆਂ ਵਿੱਚ ਕੱਲੇ ਕੱਲੇ ਦੇ ਨੰਬਰ। ਮੈਂ ਤਾਂ ਛੇਤੀ ਹੀ ਬੋਗੀ ਨੰ. 7 ਦੀ 63 ਨੰ. ਸੀਟ ਜਾ ਮੱਲੀ ਗੱਡੀ ਚਲਣ ਬਾਅਦ ਦੋ ਘੰਟਿਆਂ ਤੱਕ ਮੇਰੀ ਸੀਟ ਰਿਜ਼ਰਵ ਹੋ ਗਈ। ਅੱਜ ਕੱਲ ਬੰਗਲੋਰ ਦਾ ਕਰਾਇਆ 140+21 ਸੀਟ ਰਿਜ਼ਰਵੇਸ਼ਨ ਕੁਲ 161/ ਹੋ ਗਿਆ ਹੈ। ਗੱਡੀ ਪੂਰੇ 12 ਵਜੇ ਚੱਲ ਪਈ। ਅੱਜ ਜਾਣ ਵਾਲੇ ਹੇਠ ਲਿਖੇ ਸਰੀਰ ਸਨ:

1. ਸੰਤ ਕਿਰਪਾਲ ਸਿੰਘ ਝੱਬਰ, ਸਤਿਗੁਰੂ ਜੀ ਦੇ ਬਸਤਰ ਸਾਫ਼ ਕਰਨ ਵਾਲਾ
2. ਬੀਬੀ ਭਜਨ ਕੌਰ ਮੰਡੀ
3. ਬੀਬੀ ਦਰਸ਼ਨ ਕੌਰ ਮੰਡੀ
4. ਬੀਬੀ ਰਤਨ ਕੌਰ ਸਪੁੱਤਰੀ ਹਰਦੇਵ ਸਿੰਘ ਦੋ ਬੱਚਿਆਂ ਸਮੇਤ
5. ਸ੍ਰੀ ਸਿੰਦਰ ਸਿੰਘ ਬੋਘਲ ਨਿੱਜੀ ਅੰਗ ਰਖਿਅਕ
6. ਸ੍ਰੀ ਦਰਸ਼ਨ ਸਿੰਘ ਅਬਰਾਸਰੀਆ ਨਿੱਜੀ ਅੰਗ ਰਖਿਅਕ
7. ਸ੍ਰੀ ਅਮਰੀਕ ਸਿੰਘ ਪੱਦੀ ਖਾਲਸਾ
8. ਪ੍ਰੀਤਮ ਸਿੰਘ ਕਵੀ
9. ਕੇਸ਼ਵ ਪ੍ਰਸ਼ਾਦ ਗੋਲਦਾਰ C.R.P
10. ਬਹਾਦਰ ਸਿੰਘ ਨਾਇਕ C.R.P
11. ਬਿਜੈ ਸਿੰਘ ਹਰਿਆਣਾ C.R.P
12. ਜ਼ਿਲ੍ਹੇ ਸਿੰਘ ਰਾਜਸਥਾਨ C.R.P
13. ਭਰਤ ਸਿੰਘ ਗੜ੍ਹਵਾਲ C.R.P

ਹੇਠਲੇ ਛੇ ਸਰਕਾਰੀ ਤੌਰ ਤੇ ਇਸ ਮਹੀਨੇ ਸਤਿਗੁਰਾਂ ਦੀ ਸੁਰੱਖਿਆ ਲਈ ਤਾਇਨਾਤ ਹਨ। ਹਰ ਮਹੀਨੇ ਸਾਰੇ ਬੰਦੇ ਬਦਲ ਦਿੱਤੇ ਜਾਂਦੇ ਹਨ।

ਗੱਡੀ ਨੇ 2400 ਤੋਂ ਵੱਧ ਕਿਲੋਮੀਟਰ ਸਫਰ ਕਰਨਾ ਸੀ। ਜਿਉਂ ਚੱਲੀ ਜਿਉਂ ਚੱਲੀ ਝਾਂਸੀ ਹੀ ਆਕੇ ਰੁਕੀ। ਖਾਣਾ ਤੇ ਪੀਣ ਲਈ ਬੋਤਲਾਂ ਅਤੇ ਲਫ਼ਾਫ਼ੇ ਅੰਦਰੋਂ ਹੀ ਮਿਲ ਜਾਂਦੇ ਸਨ। 25 ਡੱਬੇ ਇਕ ਸ਼ਕਤੀਸ਼ਾਲੀ ਇੰਜਨ ਲੈ ਕੇ ਤੁਰਿਆ ਹੋਇਆ

ਸੀ। ਗੱਲ ਕੀ, ਮਨੁੱਖ ਬਣਾਈ ਇਹ ਸੁੰਡੀ ਜਿਹੀ ਲੋਹੇ ਦੀਆਂ ਲੀਹਾਂ ਤੇ ਵਾਹੋ-ਦਾਹੀ ਦੌੜ੍ਹੀ ਜਾਂਦੀ ਸੀ। ਮਥਰਾ, ਆਗਰਾ, ਚੰਬਲ ਘਾਟੀ, ਗਵਾਲੀਅਰ ਲੰਘਕੇ 5 ਵਜੇ ਝਾਂਸੀ (ਯੂ.ਪੀ.) ਪੁੱਜੇ ਸਾਂ। 6 ਵਜੇ ਖੁਜਰਾਹੋ ਦੇ ਟੇਸ਼ਨੋਂ ਲੰਘੇ ਫਿਰ ਰਾਤ ਪੈ ਗਈ ਪਤਾ ਨਹੀਂ ਰਾਹ ਵਿਚ ਕੀ ਕੀ ਆਇਆ। ਬਾਹਰ ਧਰਤੀ ਤੇ ਖੁਸ਼ਕੀ ਦਾ ਰਾਜ ਸੀ ਥੋੜ੍ਹੀ ਹਰਿਆਲੀ ਗਵਾਲੀਅਰ ਦੇ ਦੁਆਲੇ ਮਿਲੀ।

**27 ਮਈ 1987 ਬੁੱਧਵਾਰ**

**ਨਾਮਧਾਰੀ ਫਾਰਮ ਬੈਂਗਲੋਰ**

ਕੱਲ੍ਹ ਦਾ ਸਾਰਾ ਦਿਨ ਰੇਲ ਵਿਚ ਹੀ ਲੰਘਿਆ। ਗੱਡੀ ਭਾਵੇਂ ਸਫ਼ਰ ਦੀਆਂ ਧੂੜਾਂ ਪੱਟੀ ਜਾਂਦੀ ਸੀ ਪਰ ਰਾਤ ਪੈਣ ਤੱਕ ਤਿੰਨ ਘੰਟੇ ਲੇਟ ਹੋ ਗਈ ਸੀ। ਮੁਸਾਫ਼ਰਾਂ ਦੀ ਅਉਖਿਆਈ ਤਾਂ ਅਜਿਹੇ ਸਮੇਂ ਵੱਧਦੀ ਹੀ ਹੈ ਪਰ ਕਰ ਕੀ ਸਕਦੇ ਹਨ, ਚਾਰ ਗੱਲਾਂ ਕਰਕੇ ਚੁੱਪ ਕਰ ਜਾਂਦੇ ਹਨ। ਕੱਲ ਸਵੇਰੇ 6:15 ਮੱਧ ਪ੍ਰਦੇਸ਼ ਦੇ ਸ਼ਹਿਰ ਨਾਗਪੁਰ ਆ ਰੁੱਕੇ ਸਾਂ। ਸਾਨੂੰ ਲੰਗਰ ਪਾਣੀ ਤੇ ਨਾਗਪੁਰੀ ਖਰਬੂਜੇ ਯਾਦ ਆ ਰਹੇ ਸਨ, ਸੰਤਰਿਆਂ ਬਾਰੇ ਖਿਆਲ ਨਹੀਂ ਆਇਆ। ਪ੍ਰਤੀਤ ਹੋਇਆ ਸਿੰਘਾਂ ਨੂੰ ਸੁਨੇਹਾ ਨਹੀਂ ਮਿਲਿਆ ਨਹੀਂ ਤਾਂ ਪ੍ਰੇਮ ਵਿਚ ਤਾਂ ਕੋਈ ਕਮੀ ਨਹੀਂ ਸੀ। 8 ਵਜੇ ਬੁਲੰਦ ਸ਼ਹਿਰ ਲੰਘੇ 11 ਵਜੇ ਆਂਦਰਾ ਪ੍ਰਦੇਸ਼ ਦੇ ਕਾਜ਼ੀਪੇਟ ਆ ਰੁੱਕੇ ਅਤੇ 3:25 ਤੇ ਸਿਕੰਦਰਾ ਬਾਦ (ਆਂਧਰਾ ਦੀ ਰਾਜਧਾਨੀ ਦੀ ਗੁਆਂਢੀ ਛਾਵਣੀ) ਅਤੇ ਏਥੋਂ ਦੇ ਸਿੰਘਾਂ ਨੇ ਪ੍ਰਸ਼ਾਦ ਪਾਣੀ ਅਤੇ ਫਲ ਫਰੂਟ ਲੈ ਆਂਦੇ। ਧੰਨਵਾਦ ਸੁਆਦੀ ਪਦਾਰਥ ਛਕਣ ਨੂੰ ਮਿਲ ਗਏ ਸਨ। ਸ਼ਾਮੀ 6:00 ਵਜਦੇ ਨੂੰ ਕਰਨਾਟਕਾ ਸਟੇਟ ਦੇ ਚਾਂਦੂਰ ਸਟੇਸ਼ਨ ਦੇ ਪਾਸ ਦੀ ਲੰਘੇ। ਰਾਤ ਭਰ ਸਫਰ ਜਾਰੀ ਰਿਹਾ।

ਅੱਜ ਸਵੇਰੇ ਸਾਰੀ ਗੱਡੀ ਬੈਂਗਲੌਰ ਸਟੇਸ਼ਨ ਤੇ ਆ ਲੱਗੀ। ਏਥੇ ਜੱਥੇ ਦੁਆਰਾ ਫਾਰਮ ਲਈ ਆਏ ਬਿਸਕੁਟ ਖੁੱਲ੍ਹ-ਖਿੰਡ ਗਏ। ਗੁਰੂ ਕੇ ਲਾਲਾਂ ਬੋਰਿਆਂ ਵਿੱਚ ਭਰੇ ਅਤੇ ਮੈਨੂੰ ਪਲੇਟ ਫਾਰਮੋਂ ਬਾਹਰ ਖਲੋਤੇ ਉਡੀਕਦਿਆਂ ਸੰਤ ਬਲਵੰਤ ਸਿੰਘ ਨਾਮਧਾਰੀ ਫਾਰਮ ਵਾਲੇ ਕਾਹਲੀ ਕਾਹਲੀ ਗੱਡੀ ਦੇ ਨਾਲ-ਨਾਲ ਇੰਜਨ ਵਾਲੇ ਪਾਸੇ ਵਧਦੇ ਨਜ਼ਰ ਪਏ। ਜਾਨ ਵਿਚ ਜਾਨ ਪਈ ਅਤੇ ਜੇ ਮੈਂ ਭੱਜਕੇ ਜਾਕੇ ਮਿਲਿਆ ਤਾਂ ਉਹ ਸਾਡੇ ਜੱਥੇ ਦੇ ਸਾਮਾਨ ਪਾਸ ਜਾ ਰੁਕੇ ਸਨ।

ਹੱਥੋਂ-ਹੱਥੀ ਸਾਮਾਨ ਚੁੱਕਿਆ, ਇਕ ਦੋ ਕੁਲੀ ਕੀਤੇ ਤੇ ਸਟੇਸ਼ਨ ਬੈਂਗਲੌਰ ਦੇ ਮੁਖ ਪਰਵੇਸ਼ ਪਾਸੇ ਖਲੋਤੇ ਡੰਪਰ ਤੱਕ ਆ ਸਵਾਰ ਹੋਏ। ਮੈਨੂੰ ਤੇ ਕਿਰਪਾਲ ਸਿੰਘ ਜੀ ਨੂੰ ਬੁਢਾਪੇ ਦਾ ਲਾਭ ਮਿਲ ਪਿਆ ਅਸੀਂ ਅੱਗੇ ਡਰਾਇਵਰ ਨਾਲ ਸੀਟਾਂ ਤੇ ਬੈਠ ਗਏ। ਬਲਵੰਤ ਸਿੰਘ ਜੀ ਤਾਂ ਮਹਾਰਾਜ ਜੀ ਦੀ ਉੱਡੀਕ ਵਿੱਚ ਸ਼ਹਿਰ ਰਹਿ ਪਏ ਪਰ ਟੀਪਰ ਡਰਾਈਵਰ ਸ੍ਰੀ ਸੁੱਖਦੇਵ ਸਿੰਘ ਨੇ ਜਿਉਂ ਇਸ ਸ਼ਕਤੀਸ਼ਾਲੀ ਟਰੱਕ ਨੂੰ ਭਜਾਇਆ ਸਾਨੂੰ ਬੈਗਲੋਰੋਂ 40 ਕਿ.ਮੀ. ਦੂਰ 6:30 ਵਜੇ ਦਿਨ ਚੜ੍ਹੇ ਲੰਘ ਕੇ ਨਾਮਧਾਰੀ ਫਾਰਮ ਵਿਚ ਆ ਲਾਹਿਆ।

ਮੈਨੂੰ ਦੱਸਿਆ ਗਿਆ ਕਿ ਜਿਸ ਡੀਪਰ ਤੇ ਅਸੀਂ ਬੈਗਲੌਰੋਂ ਆਏ ਸਾਂ, ਇਹ ਪਿੱਛਲੇ ਸਾਲ ਸੰਤ ਹਰਭਜਨ ਸਿੰਘ ਔਰੰਗਾਬਾਦ ਹੁਰਾਂ ਦੇ ਫਾਰਮ ਵੱਲੋਂ ਗੁਰੂ ਕੇ ਫਾਰਮ ਦੀ ਸੇਵਾ ਹਿੱਤ ਭੇਂਟ ਕਰ ਦਿੱਤਾ ਗਿਆ ਸੀ।

ਮਹਾਰਾਜ ਬੀਰ ਸਿੰਘ ਜੀ ਕੋਈ ਅਹਿਮ ਫੋਨ ਕਰਨ ਵਾਸਤੇ ਜੀਪ ਤੇ ਜਾਂਦੇ ਬੈਗਲੋਰੋਂ 8 ਕੁ ਕਿਲੋਮੀਟਰ ਹਟਵੇਂ ਸੁਖਦੇਵ ਸਿੰਘ ਡਰਾਈਵਰ ਨੂੰ ਹਦਾਇਤ ਦੇ ਗਏ ਸਨ। ਟ੍ਰੈਫਿਕ ਪੁਲਿਸ ਅਫ਼ਸਰ ਰਾਹ ਵਿਚ ਹੈ, ਸਲੋਅ ਕਰਕੇ ਲੰਘੋ।

ਫਾਰਮ ਵਿਚ ਆਇਆ ਬੇਬੇ ਦਲੀਪ ਕੌਰ ਜੀ ਨੇ ਧੰਨ ਭਾਗ! ਆਖਕੇ ਨਿੱਘਾ ਸੁਆਗਤ ਕੀਤਾ। ਉਰਮਹਲੀ ਪਿੰਡ ਦੀ ਕੋਠੀ ਦੇ ਵਿਹੜੇ ਵਿਚ ਦਾਖਲ ਹੋਏ ਤਾਂ ਬੀਬੀ ਗੁਰਸ਼ਰਨ ਕੌਰ ਜੀ ਸੁਪਤਨੀ ਠਾਕੁਰ ਉਦੈ ਸਿੰਘ ਜੀ ਆਪਣੀ ਨਵ ਪੁਸ਼ਪ ਬਾਲਕ ਨੂੰ ਹੱਥਾਂ ਵਿਚ ਲਈ ਜੀਉਂ ਆਇਆ ਕਹਿਣ ਲਈ ਆਏ। ਮਹੀਨੇ ਸਵਾ ਦੀ ਗੁਲਾਬੀ ਗੁਲਾਬੀ ਬਾਲਕਾ, ਮਹਾਰਾਜ ਜੀ ਦੀ ਪਹਿਲੀ ਖੂਬਸੂਰਤ ਪੋਤਰੀ ਹੈ। ਅਸਾਂ ਗੁੱਡੀ ਦੀ ਆਮਦ ਤੇ ਚੰਦ ਸ਼ਬਦ ਆਖੇ ਤਾਂ ਬੱਲੋ ਜੀ ਬੋਲੇ: ਸਤਿਗੁਰਾਂ ਨੂੰ ਅਰਜ ਕਰੋ ਬਥੇਰੀਆਂ ਕੁੜੀਆਂ ਹੋ ਗਈਆਂ ਹਨ ਪਰ ਬੀਬੀ ਗੁਰਸ਼ਰਨ ਮੈਨੂੰ ਸੰਤੁਸ਼ਟ ਸੰਤੁਸ਼ਟ ਲੱਗੀ। ਬੇਬੇ ਜੀ ਦੀ ਸਹਾਇਕਾ ਬੀਬੀ ਸਵਰਨ ਕੌਰ ਵਿਸ਼ਾਖਾ ਪਟਨਮ ਵਿਚ ਫੈਕਟਰੀ ਚਾਲਕਾਂ ਦੇ ਬੱਚੇ ਬੂਟਾ ਸਿੰਘ ਤੇ ਨੂੰਹ ਪੋਤਰਿਆਂ ਦਾ ਮੋਹ ਅੰਦਰ ਰਖੀ ਸੇਵਾ ਕਾਰਜ ਕਰਦੀ ਹੈ।

ਹੋਰ ਵੇਖਿਆ ਸ੍ਰੀ ਹਰਪਾਲ ਸਿੰਘ ਗੁਰਸ਼ਰਨ ਕੌਰ ਦੀ ਜੋੜੀ, ਜਿਹੜੇ ਪਿਛਲੀ ਵਾਰ ਮੈਨੂੰ ਬੈਂਗਲੌਰ ਡੇਰੇ ਜਮਾਈ ਮਿਲੇ ਤੇ ਟੈਕਸੀ ਕਾਰਾਂ ਚਲਾਣ ਦਾ ਕਾਰੋਬਾਰ ਵਿਢਣ ਨੂੰ ਫਿਰਦੇ ਸਨ, ਉਹ ਆਪਣੇ ਦੋਹਾਂ ਬਚਿਆਂ ਨਾਲ ਫਾਰਮ ਦੀ ਕੋਠੀ ਦੇ

ਪਿਛਵਾੜੇ ਦੇ ਮਕਾਨਾਂ ਵਿਚ ਇਕ ਵਿਚ ਰਿਹਾਇਸ਼ੀ ਹਨ।

ਨਹਾ ਧੋ, ਪ੍ਰਸ਼ਾਦ ਪਾਣੀ ਛੱਕ ਕਾਹਲੇ ਕਾਹਲੇ ਕਦਮਾਂ ਨਾਲ ਫਾਰਮ ਨੂੰ ਨਿਕਲਣ ਲੱਗੇ। ਫਾਰਮ ਬਾਰੇ ਮੈਂ ਕੱਲ੍ਹ ਹੀ ਗੱਲ ਕਰਾਂਗਾ।

## 28 ਮਈ 1987, ਵੀਰਵਾਰ
## ਨਾਮਧਾਰੀ ਫਾਰਮ (ਬੈਂਗਲੌਰ)

ਸ੍ਰੀ ਸਤਿਗੁਰੂ ਜੀ ਦੀ ਕੋਠੀ, ਅਰਥਾਤ ਠਾਕੁਰ ਉਦੇ ਸਿੰਘ ਜੀ ਤੇ ਬੀਬੀ ਗੁਰਸ਼ਰਨ ਕੌਰ ਜੀ ਦਾ ਮੁਸਤਕਿਲ ਨਿਵਾਸ, ਕਰਨਾਲ ਦੇ ਪਿੰਡ ਕਰੜੀ ਗੋਡਣ ਡੋਡੀ ਵਿਚ ਹੈ, ਜਿਥੇ ਅੱਜ ਕੱਲ੍ਹ ਮਹਾਰਾਜ ਬੀਰ ਸਿੰਘ ਜੀ ਅਤੇ ਇਹਨਾਂ ਦੇ ਘਰੋਂ ਬੇਬੇ ਦਲੀਪ ਕੌਰ ਜੀ ਆਏ ਹੋਏ ਹਨ। ਸੰਤ ਖਜਾਨ ਸਿੰਘ ਅਤੇ ਗੁਰਤੇਜ ਸਿੰਘ ਸੇਵਕ ਵੀ ਨਾਲ ਹਨ। ਬੇਬੇ ਜੀ ਦੀ ਸੇਵਾ ਵਿਚ ਬੀਬੀ ਸਵਰਨ ਕੌਰ ਨਾਲ ਆਈ ਹੈ। ਜਦੋਂ ਕਿ ਇਸ ਕੋਠੀ ਦਾ ਮੋਦੀ ਅਤੇ ਲਾਂਗਰੀ ਸੰਤ ਬਲਵਿੰਦਰ ਸਿੰਘ ਹੈ ਉਹਦੀ ਪਛਾਣ ਹੈ ਸਭ ਤੋਂ ਲੰਮੀ ਤੇ ਕਰੜਬਰੜੀ ਦਾਹੜੀ। ਸੇਵਕ ਨੰਬਰ ਇਕ ਏਥੇ ਆਏ ਹਰੇਕ ਦੀ ਸੇਵਾ ਕਰਦਿਆਂ ਭੁੰਜੇ ਦਰੀ ਵਿਛਾ ਕੇ ਪੈ ਰਹਿਣਾ ਉਹਦੀ ਸਾਦਗੀ ਤੇ ਨਿਰਮਾਣਤਾ ਦਾ ਸਬੂਤ ਹੈ।

ਇਕ ਹੋਰ ਸੰਤ ਕੋਠੀ ਦੇ ਨਾਲ ਲਗਦੇ ਕਮਰੇ ਵਿਚ ਰਹਿੰਦੇ ਹਨ ਸੰਤ ਬਲਵੰਤ ਸਿੰਘ ਪਿਛੋਂ ਗੁਰਦਾਸਪੁਰ ਜ਼ਿਲ੍ਹੇ ਦੇ। ਇਹ ਮੁੱਖ ਡਰਾਇਵਰ ਤੇ ਸਪਲਾਇਰ ਹਨ। ਬੈਂਗਲੌਰ ਦੀ ਆਵਾਜਾਈ ਇਹਨਾਂ ਦੇ ਜ਼ਿੰਮੇ ਹੈ। ਚੀਜ਼ਾਂ ਦੀ ਖਰੀਦੋ ਫਰੋਖ਼ਤ ਵੀ। ਏਸੇ ਕੋਠੀ ਦੇ ਚੌਗਾਟ ਦੇ ਨਾਲ ਨਾਲ ਛਾਲਵੇਂ ਬਣੇ ਕਮਰਿਆਂ ਵਿਚੋਂ ਇਕ ਵਿਚ ਰਹਿੰਦਾ ਹੈ ਫਾਰਮ ਦਾ ਮੈਨੇਜਰ ਹਰਪਾਲ ਸਿੰਘ, ਉਹਦੀ ਪਤਨੀ ਗੁਰਸ਼ਰਨ ਕੌਰ ਅਤੇ ਦੋ ਹਰਦੇਵ, ਹਰਦਿਆਲ ਨਾਮ ਦੇ ਬੱਚੇ। ਫਾਰਮ ਨਾਲ ਸੰਬੰਧਤ ਸਾਰੀ ਲਿਖਾ ਪੜ੍ਹੀ, ਸੰਪਰਕ ਸਾਧਨੇ, ਅਫਸਰਾਂ ਨੂੰ ਮਿਲਣਾ ਪਿੰਡ ਵਾਲਿਆਂ ਨਾਲ ਰਾਬਤਾ ਰੱਖਣਾ, ਫਾਰਮ ਦੀ ਗਤੀਵਿਧੀ ਨੂੰ ਸਮਝਣਾ, ਇਹ ਇਹਦਾ ਕੰਮ ਹੈ। ਠਾਕੁਰ ਉਦੇ ਸਿੰਘ ਜੀ ਦਾ ਸੱਜਾ ਬਾਜੂ ਇਹੋ ਹੈ। ਫਾਰਮ ਤੋਂ 1 ਫਰਲਾਂਗ ਹਟਵੀਂ ਤੇ ਦੂਜੇ ਪਿੰਡ ਵਿਚ ਸਥਿਤ ਇਸ ਕੋਠੀ ਵਿਚ ਏਨੇ ਹੀ ਰਿਹਾਇਸ਼ੀ ਹਨ।

ਇਕ ਜਣਾ ਹੋਰ ਵੀ ਹੈ ਤੇ ਉਹ ਹੈ ਅਮਰੀਕ ਸਿੰਘ ਪੱਦੀ ਖਾਲਸਾ, ਫਗਵਾੜਾ ਦਾ ਵਸਨੀਕ ਉਸਨੇ ਕੱਲ੍ਹ ਹੱਸਦੇ-ਹੱਸਦੇ ਮੈਨੂੰ ਕਿਹਾ ਸੀ: ਸੱਚੇ ਪਾਤਸ਼ਾਹ ਕੇਵਲ ਤਿੰਨ ਮਹੀਨਿਆਂ ਲਈ ਮੈਨੂੰ ਲਿਆਏ ਸਨ ਪਰ ਹੁਣ ਸਾਢੇ ਤਿੰਨ ਸਾਲ ਹੋ ਗਏ ਹਨ, ਛੁੱਟੀ ਹੀ ਨਹੀਂ ਮਿਲਦੀ। ਜੇ ਜਾਂਦਾ ਹਾਂ ਤਾਂ ਛੇਤੀ ਹੀ ਫੇਰ ਬੁਲਾ ਲੈਂਦੇ ਹਨ। ਇਨਕਾਰ ਹੁੰਦਾ ਨਹੀਂ, ਛਡਦੇ ਉਹ ਨਹੀਂ। ਇਸਦਾ ਪ੍ਰੇਮ ਦੀ ਜਲੋਰੀ ਨਾਲ ਕਸੀਦ ਕੇ ਬੱਧਾ ਅਮਰੀਕ ਸਿੰਘ ਫਾਰਮ ਵਿਚ ਬਿਜਲੀ ਨਾਲ ਸੰਬੰਧਤ ਕਾਰਜ ਕਰਦਾ ਹੈ, ਡਰਾਈਵਰੀ ਦਾ ਕੰਮ ਵੇਲੇ ਕੁਵੇਲੇ ਕਰ ਲੈਂਦਾ ਹੈ ਤੇ ਪ੍ਰਸੰਨ ਮੁੱਖ ਤੁਰ ਪੈਂਦਾ ਹੈ ਜਿਧਰ ਨੂੰ ਠਾਕਰ ਜੀ ਤੋਰਨ।

ਚਲੋ ਜ਼ਰਾ ਫਾਰਮ ਵੱਲ ਵੀ ਚੱਕਰ ਮਾਰ ਆਈਏ। ਇਹ 175 ਏਕੜ ਦਾ ਫਾਰਮ ਜਿਹੜਾ ਨਾਮਧਾਰੀ ਫਾਰਮਜ਼ ਨਾਲ ਵਿਮਾਨ ਹੈ ਇਹ ਪਿੰਡ ਉਰਮਹਲੀ ਦੀ ਜ਼ਮੀਨ ਵਿਚ ਸਥਿਤ ਹੈ। ਦੋ ਕੁ ਫਰਲਾਂਗ ਪੈਦਲ ਚਲਿਆਂ (ਊਂ ਸੜਕ ਧੁਰ ਤੱਕ ਜਾਂਦੀ ਹੈ) ਹਰੇ ਫਰੇਮ ਵਾਲਾ ਇਕ ਗੇਟ ਨਜ਼ਰ ਪੈਂਦਾ ਹੈ ਜਿਸਦੇ ਮੱਥੇ ਤੇ ਨਾਮਧਾਰੀ ਫਾਰਮਜ਼ ਦਾ ਫੱਟਾ ਲੱਗਾ ਹੋਇਆ ਹੈ। ਅੰਦਰ ਵੜ ਦਿਆਂ ਹੀ ਇਕ ਬਹਾਰ ਦਾ ਪ੍ਰਭਾਵ ਪੈਂਦਾ ਹੈ। ਅਗਲੇ ਪਿੰਡਾਂ ਨੂੰ ਜਾਂਦੇ ਰਾਹ ਦੇ ਸੱਜੇ ਹੱਥ, ਢਲਵਾਣ ਦੇ ਨਾਲ ਨਾਲ ਬੋਸਣ ਬਿਲੀਆ ਦੇ ਬਹੁ ਭਾਂਤੀ ਬਿਨ ਖੁਸ਼ਬੂ ਦੇ ਫੁੱਲਾਂ ਦਾ ਖੇੜਾ ਜੋਬਨ ਤੇ ਹੈ। ਇਹਨਾਂ ਦੇ ਨਾਲ ਹੀ ਹੇਠਾਂ ਸੱਜੇ ਪਾਸੇ ਫਾਰਮ ਹਾਊਸ ਨੂੰ ਜਾਂਦੀ ਕੱਚੀ ਸੜਕ ਹੈ ਅਤੇ ਇਸਦੇ ਨਾਲ ਨਾਲ ਹੀ ਫਾਰਮ ਗੇਟ ਤੋਂ ਨਾਰੀਅਲ ਦੇ 4 ਸਾਲਾ ਬੂਟਿਆਂ ਦੀ ਬਹਾਰ ਹੈ। ਗੇਟ ਦੇ ਨਾਲ-ਨਾਲ ਪਿੰਡ ਉਰਮਹਲੀ ਨੂੰ ਜਾਂਦੀ ਸੜਕ ਤੇ ਖਲੋ ਕੇ ਵੇਖਿਆਂ ਪ੍ਰਤੀਤ ਹੁੰਦਾ ਹੈ ਜਿਵੇਂ ਬਹੁ ਭੁਜੀ ਦੇਵਤੇ ਆਸਮਾਨ ਵੱਲ ਤੇ ਦੁਆਲੇ ਬਾਹਾਂ ਖਿਲਾਰੀ ਤੁਹਾਡੇ ਲਈ ਸ਼ੁਭ ਕਾਮਨਾ ਮੰਗਦੇ ਤੁਹਾਡਾ ਸੁਆਗਤ ਕਰ ਰਹੇ ਹਨ।

ਥੋੜਾ ਕੁ ਹੀ ਚੱਲਿਆਂ ਸਾਡੇ ਖੱਬੇ ਹੱਥ ਵਾਲੇ ਰਸਤੇ ਨਾਲ ਉਸ ਵਿਸ਼ਾਲ ਟੈਂਕ ਦਾ ਬੰਨ੍ਹ ਆ ਜਾਂਦਾ ਹੈ ਜਿਸਦਾ ਪਾਣੀ ਸਾਰਾ ਸਾਲ ਫਾਰਮ ਦੇ ਕੰਮ ਆਉਂਦਾ ਹੈ, ਅਸੀਂ ਇਸ ਤਲਾਬ ਦੇ ਸੈਂਟਰ ਜੇਹੇ ਦੇ ਨਾਲੋਂ ਸੱਜੇ ਨੂੰ ਮੁੜ ਜਾਂਦੇ ਹਾਂ। ਪਹਿਲਾਂ ਜਿਥੇ ਖੱਬੇ ਹੱਥ ਜੰਗਲ ਦੇ ਰੁੱਖ ਬਿਰਖ ਸਨ, ਹੁਣ ਓਥੇ ਵੀ ਦੋ ਸਾਲੇ ਨਾਰੀਅਲ ਬੂਟੇ ਲੱਗ ਗਏ ਹਨ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਪਹਿਲੇ ਕਈ ਕੰਮਾਂ ਤੋਂ ਮੈਨੂੰ ਹਟਾ ਕੇ, ਸੱਚੇ ਪਾਤਸ਼ਾਹ ਨੇ ਮੈਨੂੰ ਮਹਾਰਾਜ ਜਗਜੀਤ ਸਿੰਘ ਜੀ (ਜੋ ਉਦੋਂ ਬਾਲ-ਬੇਅੰਤ ਜੀ ਸਨ) ਦੀ ਸੇਵਾ ਵਿਚ ਲਾਇਆ। ਜਿਸ ਸਾਲ ਅਕਾਲੀਆਂ ਸਾਡੇ ਸਿੰਘਾਂ ਨੂੰ ਤਰਨ ਤਾਰਨ ਕੁੱਟਿਆ, ਪਹਾੜ ਵਿਚ ਗਏ ਸਾਂ ਮਹਾਰਾਜ ਜਗਜੀਤ ਸਿੰਘ ਨੂੰ ਲੈ ਕੇ। ਕੱਤੇ ਵਿਚ ਅਸੀਂ ਭੈਣੀ ਸਾਹਿਬ ਆਏ ਹਾਂ। ਸਾਢੇ ਚਹੁੰ ਸਾਲਾਂ ਦੇ ਸਨ ਜਦੋਂ ਰਾਗੀ ਹਰਨਾਮ ਸਿੰਘ ਦੇ ਸ਼ਗਿਰਦ ਬਣੇ। ਦੋ ਮਹੀਨੇ ਚਵਿੰਡੇ (ਅੰਮ੍ਰਿਤਸਰ ਜ਼ਿਲ੍ਹਾ) ਰਹੇ ਰਾਗੀ ਜੀ ਕੋਲ। ਫੇਰ ਗੜ੍ਹਦੀਵਾਲੇ ਦੋ ਸਾਲ ਰਹੇ। ਹੁਣ ਇਕ ਗੱਲ ਚੇਤੇ ਆਈ ਕਿ ਜਦੋਂ ਮਹਾਰਾਜ ਬੀਰ ਸਿੰਘ ਦਾ ਜਨਮ ਹੋਇਆ, ਤੁਹਾਡੀ ਦਾਦੀ (ਮਾਤਾ ਭੁਪਿੰਦਰ ਕੌਰ) ਨੂੰ ਸੂਤਕੀ ਬੁਖ਼ਾਰ ਹੋ ਗਿਆ। ਅਸੀਂ ਹਾੜ੍ਹ ਵਿਚ ਪਹਾੜ 'ਤੇ ਗਏ ਸਾ ਬੇਬੇ ਭੁਪਿੰਦਰ ਕੌਰ ਜੀ ਨਾਲ। ਸਾਉਣ ਵਿਚ ਅਸੀਂ ਆਏ। ਸਤਿਗੁਰਾਂ ਨੇ ਕਿਹਾ ਅਸੀਂ ਖੁਸ਼ਕ ਰਸਤੇ ਚੀਨ ਥਾਣੀਂ ਸਿਆਮ ਚਲੇ ਜਾਣਾ ਹੈ। ਮੈਨੂੰ ਮਾਲੂਵਾਲ (ਲਾਇਲਪੁਰ) ਮਹਾਰਾਜ ਜਗਜੀਤ ਸਿੰਘ ਦੇ ਕੇ ਤੋਰ ਦਿਤਾ। ਸਤਿਗੁਰਾਂ ਨਾਲ ਬਹਾਦਰ ਸਿੰਘ, ਮਸਤਾਨ ਸਿੰਘ (ਕਿਆਮਪੁਰ-ਸਿਆਲਕੋਟ), (ਇੰਦਰ ਸਿੰਘ) ਚੱਕਰਵਰਤੀ ਗਏ। ਭਾਈ ਵਜ਼ੀਰ ਸਿੰਘ ਨੂੰ ਛੱਡ ਗਏ। ਉਹਨੂੰ ਬੁਖਾਰ ਚੜ੍ਹ ਗਿਆ ਸੀ। ਉਹਨੂੰ ਕਹਿੰਦੇ - ਤੈਨੂੰ ਮੁਹਕਮ ਸਿੰਘ ਸਾਂਭੇਗਾ। ਪਰ ਮੈਨੂੰ ਭਾਈ (ਵਜ਼ੀਰ ਸਿੰਘ) ਕਹਿੰਦਾ - ਮੈਨੂੰ ਇਹਨੇ ਨਹੀਂ ਸਾਂਭਣਾ। ਸੋ ਮੈਂ (ਭਾਈ ਪਾਸ) ਭਗਤ ਸਿੰਘ ਨੂੰ ਛੱਡਿਆ। ਜਿੱਥੇ ਇਹਨਾਂ ਜਾਣਾ ਸੀ ਉੱਥੇ ਇਹਨਾਂ ਦੋਹਾਂ ਨੇ, ਸਤਿਗੁਰਾਂ ਨੂੰ ਮਿਲਣਾ ਸੀ। ਅੱਗੇ (ਪਹਾੜ ਵਿਚ) ਕਿਤੇ ਡਾਕਾ ਵੱਜਾ ਸੀ। ਅਫ਼ਸਰਾਂ ਨੇ ਆਖਿਆ ਕਿ ਹਰ ਨਵੇਂ ਆਉਣ ਵਾਲੇ ਦੀ ਤਫ਼ਤੀਸ਼ ਹੁੰਦੀ ਏ। ਪਿਛਾਂਹ ਮੁੜ ਜਾਉ। ਸੋ ਇਉਂ ਇਹ ਸਫ਼ਰ ਵਿਚ ਰਿਹਾ।

ਪੌਂਡਾਂ ਦਾ ਕਿੱਸਾ: ਪੌਂਡ ਸੋਨੇ ਦੇ ਹੁੰਦੇ ਸਨ। ਖਜ਼ਾਨੇ ਵਿਚ ਹੁੰਦੇ ਸਨ। ਖ਼ਜ਼ਾਨੇ ਦੀਆਂ ਕੁੰਜੀਆਂ, ਮਾਈ ਜੀਊਣ ਕੌਰ ਜੀ ਸਿਰਹਾਣੇ ਰੱਖ ਕੇ ਸੌਂਦੇ ਸਨ। ਖ਼ਜ਼ਾਨੇ ਵਿਚੋਂ ਪੌਂਡ ਚੋਰੀ ਹੋ ਗਏ। ਮਸਤਾਨ ਸਿੰਘ ਕਿਆਮਪੁਰੀਆ ਡੇਰੇ ਦਾ ਮੁਖ਼ਤਿਆਰ ਸੀ। ਸਤਿਗੁਰੂ ਜੀ ਨੇ ਉਹਨੂੰ ਪੁੱਛਿਆ ਤਾਂ ਉਸ ਕਿਹਾ ਕਿ ਮਾਈ ਜੀ ਦੇ ਸਿਰਹਾਣਿਉਂ ਕੁੰਜੀਆਂ ਮਹਾਰਾਜ ਨਿਹਾਲ ਸਿੰਘ ਹੋਰਾਂ ਤੋਂ ਬਿਨਾਂ ਹੋਰ ਕੌਣ ਚੁੱਕ ਸਕਦਾ ਹੈ। ਝੂਠਾ ਦੋਸ਼ ਉਸ ਮਹਾਰਾਜ ਜੀ 'ਤੇ ਲਾ ਦਿੱਤਾ। ਉਹ ਰੁੱਸ ਕੇ ਭੈਣੀ ਸਾਹਿਬ ਤੋਂ ਲਾਹੌਰ ਚਲੇ ਗਏ। ਬਾਅਦ ਵਿਚ ਗੱਲ ਸਾਫ਼ ਹੋਣ ਤੇ ਮਸਤਾਨ ਸਿੰਘ ਹੋਰਾਂ ਦੀ ਵੀ ਡੇਰੇ ਵਿਚੋਂ ਛੁੱਟੀ ਹੋ ਗਈ।

ਸਤਿਗੁਰ ਬੀੜ ਤੋਂ ਆ ਕੇ ਬੇਬੇ ਜੀ ਨੂੰ ਮਿਲੇ ਅਤੇ ਫਿਰ ਬਿਨਾਂ ਕਿਸੇ ਨੂੰ ਦੱਸਿਆਂ, ਗੜ੍ਹਦੀਵਾਲੇ ਚਲੇ ਗਏ। ਮਾਈ (ਜਿਊਣ ਕੌਰ) ਜੀ ਨੇ ਸੰਤਾ ਸਿੰਘ ਘੁਮਿਆਰ ਸਿੱਖ, ਬੇਬੇ ਦਿਆਲਾਂ ਦੇ ਪੁੱਤਰ ਨੂੰ ਮੋਟਰ ਸਾਈਕਲ 'ਤੇ ਭੇਜਿਆ ਕਿ ਸਤਿਗੁਰੂ ਜੀ ਨੂੰ ਖ਼ਬਰ ਕਰੇ - ਬੇਬੇ ਭੁਪਿੰਦਰ ਕੌਰ ਜੀ ਚੜ੍ਹ ਗਏ ਹਨ। ਸੰਤਾ ਸਿੰਘ ਜਲੰਧਰ ਜਾ ਕੇ ਹੈਜੇ ਨਾਲ ਮਰ ਗਿਆ। ਗੜ੍ਹਦੀਵਾਲੇ ਦਾ ਹੋਰ ਕਿਸੇ ਨੂੰ ਪਤਾ ਨਹੀਂ ਸੀ ਸਤਿਗੁਰਾਂ ਤੋਂ ਬਿਨਾਂ। ਸਤਿਗੁਰ ਤੇ ਉਹਨਾਂ ਦਾ ਜੱਥਾ ਗੜ੍ਹਦੀਵਾਲੇ ਸੀ। ਕੋਠੀ (ਬਾਗ ਵਾਲੀ) ਵਾਲੇ ਲੰਗਰ ਦੇ ਕੋਠੇ ਵਿਚ, ਮਾਤਾ ਭੁਪਿੰਦਰ ਕੌਰ ਨੇ ਚੜ੍ਹਾਈ ਕੀਤੀ। ਸਤਿਗੁਰੂ ਜੀ ਸਸਕਾਰ ਤੇ ਨਹੀਂ ਪੁੱਜੇ।

ਹਰਨਾਮ ਸਿੰਘ ਰਾਗੀ ਤੇ ਅਸੀਂ ਬੇਅੰਤ ਜੀ ਸਣੇ ਤਿੰਨ ਸਾਲ ਹੀ ਗੜ੍ਹਦੀਵਾਲੇ ਰਹੇ। ਮਹਾਰਾਜ ਬੀਰ ਸਿੰਘ, ਮਹੰਤ ਸੇਵਾ ਸਿੰਘ, ਮਾਈ ਕਿਸ਼ਨ ਕੌਰ ਤੇ ਦਾਦੀ (ਮਾਤਾ ਜਿਊਣ ਕੌਰ), ਕੋਲ ਭੈਣੀ ਸਾਹਿਬ ਹੀ ਰਹੇ। ਮਾਤਾ ਜਿਊਣ ਕੌਰ (ਮੈਨੂੰ) ਕਹਿੰਦੇ ਸਨ ਕਿ ਤੂੰ ਇਹਨਾਂ ਨੂੰ ਆਂਹਦਾ ਨਹੀਂ ਘਰ ਆਉਣ। ਬਾਹਰ ਬਾਹਰ ਫਿਰਦੇ ਹੋ।

ਇਕ ਗਊ, ਇਕ ਮੱਝ, ਡੇਰੇ ਗੜ੍ਹਦੀਵਾਲੇ ਰੱਖਦੇ ਸਾਂ। ਮੈਂ ਬਾਜ਼ਾਰ ਗਿਆ ਕੋਈ ਸੌਦਾ ਸੂਤ ਲੈਣ ਵਾਸਤੇ। ਗਾਂ ਬਸੰਤੇ ਦੇ ਖੇਤ 'ਚ ਪੈ ਗਈ। ਉਸ ਰੱਸਾ ਲਾਹ ਲਿਆ। ਇਕ ਲਾਲ ਸਿੰਘ ਹੁੰਦਾ ਸੀ 'ਤੁਸ਼ਈ', ਤੂਸ਼ ਵਜਾਉਣ ਕਾਰਨ ਇਹ ਨਾਂ ਉਹਦਾ ਪਿਆ ਸੀ। ਉਹ ਤੇ ਮਹਾਰਾਜ ਜਗਜੀਤ ਸਿੰਘ ਰੱਸਾ ਲੈਣ ਗਏ। ਬਸੰਤ ਦਾ ਨਾਲ ਹੀ ਖੇਤ ਸੀ। ਰੱਸਾ ਨਾ ਲੱਭਿਆ। ਮੈਂ ਆਇਆ ਤਾਂ (ਸਾਰੀ ਗੱਲ ਸੁਣਕੇ) ਮੈਂ ਵੀ ਉਹਦੀ ਪੈਲੀ ਵਿਚ ਅੱਪੜ ਗਿਆ ਤੇ ਉਹਦੀ ਹਲ ਪੰਜਾਲੀ ਚੁੱਕ ਲਿਆਇਆ।

ਅਗਲੇ ਦਿਨ ਸਵੇਰੇ ਬਸੰਤੇ ਦੇ ਮੋਢੇ ਤੇ ਕੁਹਾੜੀ, ਗਾਹਲਾਂ ਕੱਢਦਾ ਆਵੇ। ਭਾਈ ਹਰਨਾਮ ਸਿੰਘ ਰਾਗੀ ਸਾਡੇ ਵਿਚ ਮੰਨਿਆ ਪਰਮੰਨਿਆ ਲੜਾਕਾ ਸੀ। (ਪਰ ਉਸ ਇਲਾਕੇ ਵਿਚ ਬਸੰਤੇ ਦਾ – ਜਿਹਨੂੰ ਬਸੰਤਾ ਅਕਾਲੀ ਕਹਿੰਦੇ ਸਨ ਭੈਅ ਹੀ ਏਨਾ ਸੀ ਕਿ ਉਹ ਆਪਣੀ ਡਾਂਗ ਕਿਸੇ ਹੱਥ ਬਾਜ਼ਾਰ ਵਿਚ ਭੇਜ ਦਿੰਦਾ ਤੇ ਮੂੰਹ ਮੰਗੀ ਰਸਦ ਦੁਕਾਨਦਾਰ ਬਿਨਾਂ ਕੁਝ ਲਿਆਂ ਡਾਂਗ ਨਾਲ ਬੰਨ੍ਹ ਦਿਆ ਕਰਦੇ ਸੋ ਭਾਈ ਹਰਨਾਮ ਸਿੰਘ ਵੀ ਅੱਗੇ ਨਾ ਹੋਇਆ। ਮੈਂ ਬਾਲੀ ਤੇ ਰਾਮ ਚੰਦਰ ਜੀ ਦੀ ਕਥਾ ਸੁਣੀ ਸੀ, ਕਿਵੇਂ ਤੀਰ ਉਹਨਾਂ ਬਾਲੀ ਨੂੰ ਰੁੱਖ ਦੇ ਉਹਲੇ ਹੋ ਕੇ ਮਾਰਿਆ ਸੀ। ਸਾਡੇ ਡੇਰੇ ਵਿਚ ਵੀ ਤੂਤ ਦਾ ਰੁੱਖ ਸੀ। ਮੈਂ ਉਹਦੇ ਉਹਲੇ ਹੋ ਗਿਆ। ਜਦੋਂ ਕੋਲੋਂ ਲੰਘਣ ਲੱਗਾ, ਸੋਟਾ ਮਾਰਿਆ। ਡਿੱਗ ਪਿਆ। ਦੋ-ਤਿੰਨ ਹੋਰ ਮਾਰੇ। ਮੈਂ ਦਬਕਾਇਆ। ਓਥੇ ਇਕ ਬੂੜ ਸਿੰਘ ਚੌਧਰੀ, ਸਤਿਗੁਰ ਮੇਰਾ ਜਾਣੂ ਕਰਵਾ ਆਏ ਸੀ। ਮੈਂ ਉਹਨੂੰ ਜਾ ਕਿਹਾ- ਬਸੰਤ ਨੂੰ ਕੁੱਟ ਕੱਢਿਆ ਏ। ਉਸ ਕਿਹਾ – ਕੋਈ ਗੱਲ ਨਹੀਂ। ਇਹ ਸਾਰੇ ਗੜ੍ਹਦੀਵਾਲੇ ਨੂੰ ਕੁੱਟਦਾ ਸੀ। ਫਿਰ ਸਤਿਗੁਰ ਆਏ। ਅਸੀਂ ਅਰਜ਼ ਕਰਕੇ ਭੈਣੀ ਸਾਹਿਬ ਆ ਗਏ।

ਫੇਰ ਸਾਢੇ ਅੱਠ ਵਰ੍ਹੇ ਭੈਣੀ ਸਾਹਿਬ (ਰਹਿੰਦਿਆਂ) ਰਾਈਆਂ ਦਾ ਮੁਕਦਮਾ ਮੈਂ ਮੁਖਤਿਆਰ ਸਤਿਗੁਰਾਂ ਵਲੋਂ ਬਣ ਕੇ ਲੜਿਆ। ਅਸੀਂ ਮੁਕੱਦਮਾ ਅਦਾਲਤੋਂ (ਪੰਜਾਬ ਹਾਈਕੋਰਟ ਲਾਹੌਰ) ਹਾਰ ਗਏ। ਇਕ ਮਾਘੀ ਚਮਿਆਰ ਸੀ ਭੈਣੀ ਸਾਹਿਬ ਦੇ ਰਵਿਦਾਸੀਆਂ ਸਿੰਘਾਂ ਦਾ ਵਡੇਰਾ। ਭੈਣੀ ਸਾਹਿਬ ਦੇ ਆਲੇ ਦੁਆਲੇ ਪੰਜ ਪਿੰਡ ਰਾਇ ਗੋਤ ਦੇ ਜੱਟਾਂ ਦੇ ਹਨ: ਰਾਈਆਂ, ਭੈਣੀ ਸਾਹਿਬ, ਚੱਕ ਸਰਬਨ ਨਾਥ ਹੀਰਾਂ ਅਤੇ ਮੰਜਾਲੀਆਂ ...। ਮੈਨੂੰ ਮਾਘੀ ਆਖਣ ਲੱਗਾ ਜੇ ਅਸੀਂ ਪੰਜਾਂ ਹੀ ਪਿੰਡਾਂ ਦੀਆਂ ਪੰਚਾਇਤਾਂ ਲੈ ਆਈਏ ਤੁਸੀਂ ਮੰਨ ਜਾਓਗੇ। ਮੈਂ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਇਹ ਲੋਕ ਹੁਣ ਇਸ ਤਰ੍ਹਾਂ ਆਂਹਦੇ ਹਨ। ਉਹਨਾਂ ਕਿਹਾ- ਤੇਰੀ ਕੀ ਰਾਇ ਹੈ। ਮੈਂ ਆਖਿਆ ਜੀ ਮੁਕੱਦਮਾ ਤਾਂ ਹੁਣ ਆਪਾਂ ਨੂੰ ਵਲਾਇਤ (ਪ੍ਰੀਵੀ ਕੌਂਸਲ) ਵਿਚ ਕਰਨਾ ਪਵੇਗਾ। ਜੇ ਉਹ ਸ਼ਰਨ ਆ ਜਾਣ ਤਾਂ ਆਪ ਬਖ਼ਸ਼ਿੰਦ ਹੋ। ਸਾਧ ਸੰਗਤ ਦਾ ਭਜਨ ਬਾਣੀ ਦਾ ਸਮਾਂ, ਲੜਾਈ ਝਗੜਿਆਂ ਵਿਚ ਤੇ ਲੰਗਰ ਦੀ ਮਾਇਆ ਮੁਕੱਦਮੇਬਾਜ਼ੀ ਵਿਚ ਲੱਗਦੀ ਹੈ। ਮੈਨੂੰ ਹੁਕਮ ਹੋ ਗਿਆ। ਮੈਂ ਮਾਘੀ ਨੂੰ ਕਿਹਾ ਕਿ ਸਾਧ ਪੰਚਾਇਤਾਂ ਸਣੇ ਦੀਵਾਨ ਵਿਚ ਆ ਜਾਵੇ। ਪੰਜਾਂ ਪਿੰਡਾਂ ਦੀਆਂ ਪੰਚਾਇਤਾਂ ਆਈਆਂ ਅਤੇ ਗੋਪਾਲ ਦਾਸ ਨੇ ਕੁੰਜੀਆਂ (ਡੇਰੇ ਰਾਈਆਂ ਵਾਲੇ ਦੀਆਂ, ਜਿਸ ਦੀ 1400 ਕੱਚਾ ਵਿੱਘਾ ਜ਼ਮੀਨ ਸੀ) ਮੱਥਾ ਟੇਕ ਕੇ ਕਿਹਾ ਜੀ ਭਾਵੇਂ ਮੈਨੂੰ ਦੇ ਦਿਉ ਭਾਵੇਂ ਵੀਰਮ ਦਾਸ ਨੂੰ। (ਵੀਰਮ ਦਾਸ ਉਰਫ਼ ਵੀਰ ਸਿੰਘ 'ਜਹਾਨ' ਜੋ ਸੰਤ ਗੁਰਦੇਵ ਸਿੰਘ 'ਮਾਂਗਟ ਪਿੰਡ ਰਾਮਪੁਰ ਦਾ ਤਾਇਆ ਸੀ, ਨਾਮਧਾਰੀਆਂ ਵੱਲੋਂ ਇਹ ਮੁਕੱਦਮਾ ਮੁਖਤਿਆਰ ਬਣ ਕੇ ਲੜਦਾ ਸੀ)। ਸਤਿਗੁਰਾਂ ਨੇ ਕੁੰਜੀਆਂ ਗੋਪਾਲ ਦਾਸ ਨੂੰ ਫੜਾ ਦਿੱਤੀਆਂ। ਫਿਰ ਮੈਂ ਅਰਜ਼ ਕੀਤੀ ਜੀ ਤੁਹਾਡੇ ਦਰਬਾਰ ਵਿਚੋਂ ਹੁਣ ਸਾਧ ਨੂੰ, ਜ਼ਰਾ ਮਾਣ ਤਾਣ ਨਾਲ ਵਾਪਸ ਮੋੜੀਏ। ਅਰਜ਼ ਪਰਵਾਨ ਹੋਈ। ਇਕ ਗੱਡਾ ਜਿਸ ਤੇ 20 ਮਣ ਕਣਕ ਲੱਦੀ, ਬੈਲਾਂ ਦੀ ਜੋੜੀ, ਮੱਝ ਸਣੇ ਦਿਤਾ ਅਤੇ ਇਕ ਘੋੜੀ 'ਤੇ ਚੜ੍ਹਾ ਕੇ ਮਹੰਤ (ਗੋਪਾਲ ਦਾਸ) ਨੂੰ ਵਾਪਸ ਘੱਲਿਆ।

ਪਹਿਲੇ ਹਵਨ ਯੱਗ ਦੀ ਲੀਲ੍ਹਾ ਕਹੀ ਨਹੀਂ ਜਾਂਦੀ। ਬੜੇ ਬੜੇ ਮੇਲੇ ਹੋਏ। ਫਿਰ ਨਾਨਕ ਸੰਪਰਦਾ (ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ – ਸ੍ਰੀ ਭੈਣੀ ਸਾਹਿਬ, 1934 ਈ.)। ਲਉਢੇ ਵੇਲੇ ਦੇ ਦੀਵਾਨ ਵਿਚ ਜੋਧ ਸਿੰਘ ਪ੍ਰੋਫ਼ੈਸਰ, ਪੰਡਾਲ ਵਿਚ ਕਥਾ ਕਰਦਾ ਤੇ ਅਰਦਾਸ ਪਾਤਸ਼ਾਹੀ ਦਸਵੀਂ ਦੀ। ਪਹਿਲੇ ਪਹਿਰ ਦੇ ਦੀਵਾਨ ਵਿਚ ਅਰਦਾਸ ਪਾਤਸ਼ਾਹੀ ਬਾਰ੍ਹਵੀਂ ਦੀ ਹੁੰਦੀ। ਉਹ ਗਿਆਰਾਂ ਦਿਨ ਸੱਚਖੰਡ ਬਣਿਆ ਰਿਹਾ। ਉਂਜ ਤੇ ਭੈਣੀ ਸਾਹਿਬ ਸਦਾ ਹੀ ਸੱਚਖੰਡ ਹੁੰਦਾ ਹੈ।

ਫੇਰ ਜਦੋਂ ਭੈਣੀ ਸਾਹਿਬ ਫਤੇਹ ਸਿੰਘ ਮੰਗਈ (ਮਾਂਗਾ- ਜ਼ਿਲ੍ਹਾ ਲਾਹੌਰ) ਆਦਿ ਦੇ ਜਥੇ ਆਉਣੇ। ਇਕ ਨੱਥਾ ਸਿੰਘ ਲੋਪੋਕਿਆਂ ਦਾ ਹੁੰਦਾ ਸੀ। ਉਸ (ਦਰੋਗਾ) ਚੁੰਮਣ ਸਿੰਘ ਹੋਰੀਂ ਸਿੱਖ ਸਜਾਏ। ਇਕ ਜੌਹਲਾਂ ਦੇ ਵਡਾਲੇ (ਅੰਮ੍ਰਿਤਸਰ) ਦਾ ਮੋਹਨ ਸਿੰਘ ਵੀ ਸਿੱਖ ਸਜਾਇਆ। ਸਤਿਗੁਰਾਂ ਨੂੰ ਤੂਸ਼ (ਤਾਊਸ਼) ਦਾ ਅਸ਼ਕ ਲੱਗਾ। ਤੜਕੇ ਸਤਿਗੁਰਾਂ ਤੂਸ਼ ਵਜਾਉਣਾ। ਮੋਹਨ ਸਿੰਘ ਵਡਾਲੇ ਵਾਲੇ ਘੁੰਗਰੂ ਬੰਨ੍ਹ ਕੇ ਨੱਚਣਾ। ਉਹਦੀ ਸੁਰ ਉਦੋਂ ਤੱਕ ਜਾਂਦੀ ਸੀ। (ਸੰਤ) ਆਲਾ ਸਿੰਘ ਹੋਰਾਂ ਦੀ ਵੀ ਚੰਗੀ ਸੁਰ ਸੀ।

ਏਨੀ ਮੈਂ ਮੋਹਨ ਸਿੰਘ ਦੀ ਸਤਿਗੁਰਾਂ ਨਾਲ ਬਣੀ ਵੇਖੀ। ਜਿਹਦੇ ਨਾਲ ਖਲੋ ਜਾਣ, ਉਹਨੂੰ ਬਖ਼ਸ਼ ਦੇਂਦੇ ਸਨ ਭਾਵੇਂ ਦੂਜੇ

ਕਹਿਣ ਇਹਨੂੰ ਨਹੀਂ ਬਖ਼ਸ਼ਣਗੇ। ਸੱਦੋਵਾਲ (ਲਾਇਲਪੁਰ) ਸੂਏ ਤੇ ਬੈਠੇ - ਉਹਦੇ ਤੇ ਬੜੀ ਕਿਰਪਾ ਸੀ। ਇਕ ਤੁਹਾਡਾ - ਗੁਰੂ-ਪੀਰਾਂ ਦਾ ਯਾਰ ਵੀ ਹੁੰਦਾ ਹੈ। ਉਹਨੂੰ ਕਹਿੰਦੇ ਆ ਮੋਹਨ ਸਿੰਘ ! ਅੱਜ ਤੇਰੇ ਨਾਲ ਰਲ ਕੇ ਪਰਸ਼ਾਦਾ ਛਕੀਏ। ਉਸ ਕਿਹਾ ਅਸੀਂ ਕਿੰਨੇ ਬੈਠੇ ਹਾਂ, ਸਾਰੇ ਮੇਰੇ ਵਰਗੇ ਈ ਨੇ। ਜੇ ਅਸੀਂ ਸਾਰੇ ਆ ਗਏ (ਤੁਹਾਡੇ ਨਾਲ ਛਕਣ) ਸਾਨੂੰ ਇਕ ਇਕ ਬੁਰਕੀ ਵੀ ਨਹੀਂ ਆਉਣੀ।' ਇਹ ਦੂਜਾ ਮੋਹਨ ਸਿੰਘ (ਭਾਗੋਵਾਲ -ਗੁਰਦਾਸਪੁਰ) ਫੇਰ ਆਇਆ ਹੈ। ਬੜਾ ਰੰਗ ਰਿਹਾ।

ਜਦੋਂ ਮੋਹਨ ਸਿੰਘ ਤੇ ਪੂਰੀ ਬਿਰਤੀ ਸੀ, ਇਸ ਛਾਲ ਹਵਨ ਵਿਚ ਮਾਰੀ। ਮੈਂ ਬਾਹਰਲੀ ਫਿਰਨੀ ਤੇ ਸਾਂ ਸ੍ਰ. ਭਗਤ ਸਿੰਘ (ਘੋੜ ਸਵਾਰ), ਅੰਦਰਲੇ ਪਾਸੇ ਸੀ। ਮਾਮੂਲੀ ਸੇਕ ਲੱਤ ਤੇ। ਇਸ ਕਿਹਾ- "ਮੈਂ ਕੁੱਲ ਬਖ਼ਸ਼ੀ।" ਸਤਿਗੁਰਾਂ ਕਿਹਾ (ਗਾਹਲ ਕੱਢ ਕੇ) ਬਖ਼ਸ਼ਣ ਵਾਲਾ ਮੈਂ ਤੂੰ ਕਿਵੇਂ ਬਖ਼ਸ਼ ਦਏਂਗਾ ?" ਪਰ ਇਹਦੀ ਕਿਰਪਾ ਨਾਲ ਫਿਰ ਸਾਰੀ ਬਖ਼ਸ਼ੀ ਗਈ।

ਅਸੀਂ ਅਨੰਦਪੁਰ ਦੇ ਪਹਿਲੇ ਹੋਲੇ 'ਤੇ ਨਹੀਂ ਗਏ। ਦੂਜੇ ਤੇ ਗਏ ਹਾਂ। (ਸੰਨ 1919 ਈ:) ਡੇਰਾ ਲੱਗ ਗਿਆ। ਲੰਗਰ ਪਾਣੀ ਚੱਲਦਾ। ਕੀਰਤਨ ਹੁੰਦਾ। ਬਹੁਤ ਸੰਗਤਾਂ। ਪੁਜਾਰੀਆਂ ਨੇ ਕਿਹਾ- ਤੁਹਾਡੇ ਮੱਥਾ ਟੇਕਣ ਦਾ ਫਲਾਣਾ ਟਾਇਮ ਹੈ। ਸੰਤ ਭਗਤ ਸਿੰਘ ਦਾਤੇਵਾਲੀਆ ਤੇ ਮੰਗਲ ਸਿੰਘ - ਅਰਸ਼ੀ ਫ਼ਰਿਸ਼ਤਾ -ਫਤੂਹੀ ਚੱਕੀਆ, ਉਸ ਸਮੇਂ ਮਸ਼ਹੂਰ ਸਨ। ਤਿੰਨ ਰੰਗਾ ਚੋਲਾ ਭਗਤ ਸਿੰਘ ਦਾ। ਦੋਹਾਂ ਢੋਲਕੀਆਂ ਤੇ ਚਰਨ ਰੱਖ ਕੇ, ਉੱਚੇ ਹੋ ਕੇ ਬਾਣੀ ਦਸਮ ਦੀ ਪੜ੍ਹੀ। ਬਹੁਤ ਰੰਗ ਵਿਚ। ਪਉੜੀਆਂ ਕੋਲ ਨਿਹੰਗ ਸਿੰਘ - ਇਕ ਬਾਹੀ ਨਿਹੰਗ ਸਿੰਘ, ਰੱਜਿਆ ਸੁੱਖੇ ਨਾਲ। ਮੂੰਹੋਂ ਬੁੱਕਾਂ ਜਾਣ। ਆਖੇ -ਮੈਂ ਪਰਤਾਪ ਸਿੰਘ ਦਾ ਸਿਰ ਵੱਢ ਲੈਣਾ ਏ। ਸੱਚੇ ਪਾਤਸ਼ਾਹ, ਦੂਜੀ ਬਾਹੀਓਂ ਉਹਦੇ ਵੱਲ ਆ ਕੇ ਚਰਨੀਂ ਹੱਥ ਲਾਇਆ। ਕਿਤੇ ਕਿਰਪਾਨ ਜਾ ਪਈ। ਮੂਰਛਾ ਹੋ ਗਿਆ। ਪੱਗ ਕਿਤੇ। ਆਪ ਕਿਤੇ।


ਜਵੰਦ ਸਿੰਘ 'ਸੰਤ ਖ਼ਾਲਸਾ' ਠੱਟੇ (ਅੰਮ੍ਰਿਤਸਰ) ਦਾ ਨਿਹੰਗ ਸਿੰਘ, ਮਾਸ ਨਹੀਂ ਖਾਂਦਾ ਸੀ।ਉਸ ਕਿਹਾ- "ਸੱਚੇ ਪਾਤਸ਼ਾਹ ਜੀ ! ਮਹੱਲਾ ਖੇਡੋ ! !" ਸਤਿਗੁਰਾਂ ਕਿਹਾ- ਖੇਡ ਤੇ ਲਈਏ ਪਰ ਗੜਬੜ ਹੋ ਜਾਂਦੀ ਏ, ਮਹੱਲਿਆਂ ਵਿਚ। ਉਸ ਕਿਹਾ ਕੋਈ ਦਿੱਕਤ ਨਹੀਂ। ਇਸ ਹੋਲੇ ਤੇ ਮਹੱਲਾ ਕੱਢਿਆ। ਪੰਜ ਘੋੜੇ ਜਵੰਦ ਸਿੰਘ ਦੇ। 20-25 ਨਿਹੰਗਾਂ ਦੇ, ਬਾਕੀ ਸਾਡੇ ਘੋੜੇ।

ਮੁਕਤਸਰ, ਟਿੱਬੀ ਸਾਹਿਬ, ਮਹੱਲਾ ਕੱਢਿਆ। ਉਹ ਘੋੜੀ (ਜਿਸ ਤੋਂ ਜਦੋਂ ਮਾਤਾ ਜਿਊਣ ਕੌਰ ਜਾਂ ਮਾਤਾ ਫਤੇਹ ਕੌਰ ਜਾਂ ਬੇਬੇ ਭੁਪਿੰਦਰ ਕੌਰ ਸੁਆਰੀ ਕਰਨ ਉਹਨਾਂ ਨੂੰ ਨਹੀਂ ਸੀ ਡੇਗਦੀ- ਹੋਰ ਕਿਸੇ ਨੂੰ ਚੜ੍ਹਨ ਨਾ ਦੇਵੇ ਬਿਨਾਂ ਸਤਿਗੁਰਾਂ ਸੀ ਤੋਂ- ਜਦੋਂ ਮਾਤਾਵਾਂ ਸੁਆਰ ਹੋਣ ਤਾਂ ਮੱਝ ਵਾਂਗ ਤੁਰਦੀ ਸੀ।) ਉਸ ਘੋੜੀ 'ਤੇ ਆਏ। ਪਹਿਲੀ ਵੇਰ ਨੇਜ਼ਾ ਨਹੀਂ ਫੁੰਡਿਆ ਗਿਆ। ਦੁਬਾਰਾ ਸਤਿਗੁਰਾਂ ਜਵੰਦ ਸਿੰਘ ਹੋਰਾਂ ਨੂੰ ਕਹਿ ਕੇ ਮੈਦਾਨ ਖੁਲ੍ਹਾ ਕਰਵਾ ਦਿੱਤਾ- ਕਿੱਲਾ ਉਂਗਲ ਭਰ ਦਾ ਕਰਵਾ ਦਿੱਤਾ ਪਹਿਲਾਂ ਚਾਰ ਉਂਗਲਾਂ ਦਾ ਸੀ। ਜਦੋਂ ਘੋੜੀ ਛੱਡੀ ਸਰਪੱਟ ਆਖਿਆ ਉੱਚੀ- 'ਸਤਿ ਸ੍ਰੀ ਅਕਾਲ' ਤੇ ਨੇਜ਼ੇ ਨਾਲ ਕਿੱਲਾ ਫੰਡ ਦਿੱਤਾ। ਜਵੰਦ ਸਿੰਘ ਜਦੋਂ ਤੱਕ ਰਿਹਾ ਨਿਹੰਗ ਸਿੰਘ' ਮਹੱਲਾ ਖੇਡਦੇ ਰਹੇ।

ਪਹਿਲਾਂ ਬੇਬੇ ਭੁਪਿੰਦਰ ਕੌਰ ਦੀ ਵੱਡੀ ਭੈਣ ਦੇ ਰਿਸ਼ਤੇ ਦੀ ਗੱਲ ਚੱਲੀ ਸੀ, ਉਹ ਸਤਿਗੁਰਾਂ ਪਰਵਾਨ ਨਾ ਕੀਤੀ। ਜਦੋਂ ਇਹਨਾਂ ਦੀ ਗੱਲ ਤੁਰੀ ਉਦੋਂ ਤਾਇਆ (ਬੇਬੇ ਭੁਪਿੰਦਰ ਕੌਰ ਜੀ ਦਾ) ਸੱਦਾ ਸਿੰਘ ਅੜ ਗਿਆ। (ਸੰਤ) ਜਵੰਦ ਸਿੰਘ ਜ਼ਿੰਦਾ ਸ਼ਹੀਦ (ਪਿੰਡ ਖ਼ਿਆਲਾ-ਅੰਮ੍ਰਿਤਸਰ) ਜਦੋਂ ਅਤਰੀ ਵਾਲੇ ਕੇਸ ਵਿਚ ਮਫ਼ਰੂਰ ਸੀ, ਤਾਂ ਆਪਣੇ ਦਿਨ ਇੱਥੇ ਗੱਦਾਂ ਡੋਬ (ਗੁਰੂ ਸਰ) ਕੱਟਦਾ ਰਿਹਾ ਸੀ। (ਜਦੋਂ ਸਤਿਗੁਰੂ ਜੀ ਦੇ ਅਨੰਦ ਦੀ ਤਿਆਰੀ ਹੋਈ ਤਾਂ ਸੱਦਾ ਸਿੰਘ ਦੇ ਵਿਰੋਧ ਨੂੰ ਵੇਖਦਿਆਂ ਪੰਜਾਬ ਭਰ ਦੇ ਸੂਰਮੇ ਕੂਕਿਆਂ ਨੇ ਗੁਰੂ ਸਰ ਵੱਲ ਮੁਹਾਰਾਂ ਮੋੜ ਲਈਆਂ) ਜਵੰਦ ਸਿੰਘ ਦੇ ਆਏ ਤੋਂ ਸੱਦਾ ਸਿੰਘ ਪਿੰਡ ਛੱਡ ਗਿਆ। (ਇਸ ਅਨੰਦ ਸਮੇਂ) ਅੰਮ੍ਰਿਤ (ਬਾਬਾ) ਵੀਰ ਸਿੰਘ ਭੋਮੇ ਵਡਾਲੀਏ ਛਕਾਇਆ। ਇਸ ਅਨੰਦ ਕਾਰਜ ਤੋਂ ਦੋ-ਤਿੰਨ ਸਾਲ ਬਾਅਦ, ਸਤਿਗੁਰੂ ਪਰਤਾਪ ਸਿੰਘ ਜੀ ਨੇ ਬਹਾਵਲਪੁਰ ਰਿਆਸਤ ਦਾ ਦੌਰਾ ਕੀਤਾ ਸੀ। (ਕਿਉਂਕਿ ਮਾਤਾ ਜੀ ਦਾ ਤਾਇਆ ਸੱਦਾ ਸਿੰਘ, ਇਸ ਰਿਆਸਤ ਦੇ ਪਿੰਡ ਨੀਲਿਆਂ ਵਾਲੀ ਦੇ ਜ਼ੈਲਦਾਰ ਗੁਰਮੁਖ ਸਿੰਘ ਵੱਲ ਮਾਤਾ ਜੀ ਦਾ ਰਿਸ਼ਤਾ ਕਰਨਾ ਚਾਹੁੰਦਾ ਸੀ ਤੇ ਸਤਿਗੁਰੂ ਜੀ ਦੇ ਅਨੰਦ ਤੋਂ ਬਾਅਦ ਜ਼ੈਲਦਾਰ ਵੀ ਆਕੜਿਆ ਫਿਰਦਾ ਸੀ। ਉਹ ਸਤਿਗੁਰੂ ਜੀ ਦੇ ਬਹਾਵਲਪੁਰ ਰਿਆਸਤ ਦੇ ਦੌਰੇ ਵਿਚ ਰੁਕਾਵਟਾਂ ਖੜੀਆਂ ਕਰਦਾ ਰਿਹਾ। ਧਮਕੀਆਂ ਦਿੰਦਾ ਰਿਹਾ ਪਰ ਉਹਦੀ ਦਾਲ ਨਾ ਗਲੀ)। ਸਤਿਗੁਰੂ ਜੀ ਦੌਰਾ ਲੈ ਕੇ ਭੇਡ ਵਾਲੀ ਇਕ ਜੈਤਾ ਸਿੰਘ ਨਾਮੀ ਸਿੱਖ ਵੱਲ ਗਏ (ਉਸ ਸਿੱਖ ਦੇ ਘਰ ਉਹਨੂੰ ਡਰਾਉਣ ਲਈ ਜ਼ੈਲਦਾਰ ਗੁਰਮੁਖ ਸਿੰਘ ਨੇ ਇਕ ਮੁਸਲਮਾਨ ਥਾਣੇਦਾਰ ਭੇਜ ਦਿੱਤਾ। ਉਹ ਹਮਕੀ ਤੁਮਕੀ ਕਰਦਾ ਰਿਹਾ। ਭਾਈ ਜੈਤਾ ਸਿੰਘ ਤਾਂ ਥੋਹੜਾ ਘਬਰਾਇਆ। ਪਰ ਉਹਦੀ ਸਿੰਘਣੀ ਬਲਧਾਰ ਗਈ। ਜੈਤਾ ਸਿੰਘ ਦੀ ਸਿੱਖਣੀ ਮੁਸਲਮਾਨ ਥਾਣੇਦਾਰ ਨੂੰ ਆਖੇ - 'ਜਾਹ ਉਇ ਸੂਰ ਖਾਣਿਆ ! ਦੌਰਾ ਮੈਂ ਸੱਦਿਆ ਈ ਤੇ ਮੈਂ ਹੀ ਕਰਵਾਂਵਾਂਗੀ।"

**ਚਲਦਾ...**

# What is joy (Anand) ?



**Acharya Prashant**

**Questioner:** What is joy?

**Acharya Prashant:** It is an absence. Absence of everything. It is an absence of both pleasure and pain, nothing that excites the mind. Joy is not something that you can think of as something wonderful. Joy is nothing that you can conceptualize as being pleasurable. Joy is just an absence, nothing special; very ordinary, very blank, very empty. So, joy is nothing that you can aspire to. Joy cannot be an aspiration, an achievement, something gettable. Joy cannot be gotten.

You cannot act and obtain joy. It is not something that you can bring in from somewhere. It is a cessation, a full stop, or at least a comma. Don't abuse this word. Enjoyment must be a very sacred word, a divine word; it must be used very carefully.

You are having one of those weekend parties, and then they say, "What joy," they are abusing the word. Joy is not sensual. You cannot look at a mountain or river and say, joyful; even that is just sensual pleasure. Alright, it is a pleasure of maybe a higher nature, it brings you closer to yourself, but it is still not joy. It is only sensual pleasure.

You look at a woman and you feel good, you look at a river and you feel good. These two are still coming to you through the senses, through the eyes. Without eyes, will you ever say that I am liking the river, the mountains, or the snow-capped peaks? You will not say that. It is still sensual, still coming to you through the eyes. Joy is not even that.

Many of us are habituated to this thing. I stood there, awestruck, in front of the mighty Himalayas, the cool breeze, the clear air, and then I felt joy emanating from my very core. Rubbish. It may sound like a very profound and very divine statement, but it is essentially rubbish: "The fountainhead of joy arising from my very heart, breaking through layers of conditioning, and exposing divine love to me." This might be good to impress a prospective groom, but it is not the Truth. Go ahead and put it on your blog, nice. Put it as a Twitter feed, nice. He will be impressed, but this is not joy.

Joy is not something that happens for a reason. You cannot go somewhere and say that looking at a mountain, you experienced joy. Joy is something which is always there, obfuscated; hence it is the absence of obfuscation.

*The sky is always there, but clouded. So, what is the sky? It is the absence of clouds. Joy is the sky, empty and vast, just an absence of the clouds.*

In *Upanishadic* parlance, what you call *'Panchkosh,'* there joy is the highest *kosh.* You call it the *'Anandamay Kosh.'* It is also something that scriptures say you experience in dreamless sleep. Now, of course, you don't experience anything in dreamless sleep, and there is joy; the subtlest point of the mind. There is nothing, no vibration at all, no movement at all; that is joy. Krishnamurti will call it consciousness without content: no content, an absence of content. What is the content of consciousness? Thought.

**Questioner:** Sir, then what is the meaning of the term *'Atiendriya Sukh,'* which is often used?

**Acharya Prashant:** There is no non-sensual, meta-sensual, *Atiendriyasukh. 'Atiendriya Sukh'* means that there is some pleasure beyond the senses. There is no pleasure beyond the senses, because beyond the senses, the one who would experience pleasure is no more. Then who will experience pleasure? There is nothing called *'Atiendriya Sukh.'* It is a great trick of the mind, to declare something metaphysical. Metaphysical is nothing.

**Questioner:** But is joy *'Atiendriya?'*

**Acharya Prashant:** But that does not happen in your senses. Where is it? Joy is nothing. When there is nothing, then there is joy.

**Questioner:** What is the Hindi word for joy?

**Acharya Prashant:** *'Anand.'* When there is nothing, then there is joy. Even this is not absolutely right to say, because it seems as if it is conditional. When there is nothing, then there is the realization of joy. Joy is always. The sky is always; when the clouds are not there, then there is the realization of it. Joy is nothing. Can you catch the sky? Show me that you have found joy. Joy is just the absence of tension. Can we say that? Is it alright?

**Questioner:** We say that, for this mind, moments after the joy, is joy, wherein you feel light and you are not really influenced by what is happening around you.

**Acharya Prashant:** That's it. Just call it the absence of distraction, vibration, or tension; just call it that.

A complete absence of all rubbish is joy, and that rubbish includes both pleasure and pain. Joy is not at all pleasure. Happiness is a kind of tension, a sort of excitement. What does happiness mean? That desire seems to be getting fulfilled, this is happiness. What else is happiness? Joy has nothing to do with desire. This is a common misconception, to link joy to happiness, keep away from it. Even a happy man is very far from joy. You cannot talk about Truth to a happy man.

Today, if you are getting married, and if I discuss Truth with you today, you will throw me out. You may be a very good man, but you have to be a loafer on the day of your wedding. The occasion of happiness takes you very far from joy. When you are very happy, at that time, you are deeply spoiled. What will give you happiness? What makes you happy? Feeding of the ego gives you happiness, right? So, your moments of happiness are very

dangerous moments for you, even the moments of pain are dangerous. But it is just that the moments of pain will tell you to do something else. In this way, pain is at times auspicious, because the pain tells you that there is something wrong. You cannot discuss Truth with a happy man. You try to do this, in a wedding function, try to talk to a few people about Truth. Even the best of the people will say that this is not for the occasion.

*If you are a true well-wisher of someone, then do not ever wish that he gets immersed in happiness. Because getting immersed in happiness means getting spoiled.*

If you are a well-wisher of someone, then you will not like it when you see a smiling picture of him. This all might sound strange. We always want people around us to be happy. When you really want to show somebody that you love them, you say, "My dear, when I look at your smiling face, all my tiredness is gone." This is what you say. What do you do to the kid? You tickle him to make him giggle, to make him laugh. You do it for half a minute, try to do it for twenty minutes, you will get to know it.

**Questioner:** Is there no condition for joy?

**Acharya Prashant:** If you want to know Truth of the things that give you pleasure, then increase their time span. Try to tickle for ten minutes and see what happens. In ten minutes, he will be gone, dead. You guffaw a lot; try to do it for ten minutes. You will be out of breath, will be so tired that you will need to get some sleep. The things that give you happiness, try and do them. Try to do them a bit in excess, and then you will get to know what it is. For once, you may cry for the whole day and still survive, but if there is one who is laughing the whole day, he will be dead by the evening.

Pleasure and pain both are not joy. You never say that pain is joy, but often you start saying that pleasure is joy. I am attacking that notion here. If you would have said that pain is joy, then I would have discussed that pain is not joy, but you don't say that. What do you say? You say happiness is joy. That is why I am discussing that happiness is not joy. Do not take laughter as something special; it is as much a vice as crying.

It is so because we all are pleasure-seeking animals; that is why, when pain comes, it has the power to wake us up. Pleasure will not be able to wake you up. The reason is, both pleasure and pain are one, two ends of the duality, but the mind is pleasure-seeking. Which end does the mind prefer between pleasure and pain? Pleasure. That is why pleasure will not be able to wake you up. The mind will say, "Everything is alright, I am getting pleasure." Pain can wake you up. Both are useless anyway, both pain and pleasure. But if you have to choose between the two, then pain is always a better choice.

The awakening of anyone has not happened on the occasion of happiness. Have you ever heard that he was so happy that he got enlightened? In the moments of deep sorrow, Truth comes to the fore. Wherever you see that there is a premium on happiness and laughter, be alert. Going to get married, a few photos have been sent to you, all of them smiling ones. The premium on the smiling

face, that you have to get clicked smilingly only, this has happened only in the last hundred years. Even till the time of the Renaissance, if you look at the pictures of poets, artists, scientists, you will not find them smiling. This happens only nowadays.

See, how do you get your photographs clicked? Smile. Why smile? Please tell me, why cheese? It is only a milk product.

So, whenever you see people with smiling photographs, then understand that this person is in a mess, a big mess. Even from the perspective of evolution, do you know why your teeth are visible when you smile? It is because a smile is an indicator of desire fulfillment. The most fundamental desire of a man is to eat, so that the body can remain protected. Man learned to smile only when he saw food.

You might feel that you are looking good when you are smiling, but that only indicates that you want to eat whatever you are seeing at that moment. Whoever you see and smile at, and if that smile grows into a laugh, then take it as if you want to eat him. Never laugh looking at a kid; you are giving a very wrong signal to the kid. Teeth, nails, these are instruments of violence; these are your army.

But look at what you do. He, who looks very attractive to you, whoever is your lover, first you show him your teeth, and then, if your nails are long, you show them to him. What are you really doing? You are telling him, “I am about to tear you apart,” and he is so wonderful that he gets happy at all this. This is what I want.

Happiness is an obstacle on the path to meditativeness, and it is a very misplaced value; happiness. Joy is another matter. Happiness is a very, very misplaced value. A culture that values happiness will always be a very corrupt culture. I am not saying that you need not value happiness, so get sad. I am talking of something else; a third point. Not happiness, not sadness, a third point. The issue is that whenever it is said, the whole matter gets afflicted.

Please tell me, why cheese? It is only a milk product.

**Questioner:** Can we call it equanimity?

**Acharya Prashant:** Yes, probably.

**Questioner:** How is it a corrupt culture?

**Acharya Prashant:** What is happening? Go back to the very root. We are not saying that, obstruct laughter. We are not saying that, obstruct tears. What we are saying is that, do not value them as special. If you are going to welcome laughter, then you will also welcome tears. In fact, tears are more to be welcomed. Do not have this preferential thing. If you like getting yourself clicked smiling, then click a few crying ones too.

**Questioner:** One should not be given preference over the other.

**Acharya Prashant:** Happiness is corruption. Due to these very reasons, happiness comes into your life, raining money. Or does it come for some other reason? On the other side is joy, but you cannot see the teeth here.

**Questioner:** How come both magazines are in the Advait office?

**Listener:** To show the difference.

**Acharya Prashant:** *(Some photographs are shown to everyone.)* Look at the shallowness of these faces, the utter stupidity on these faces. This is happiness, and this is what we are craving for all the time. These are some photographs posted by people on Facebook. Aren't these people looking like retarded? Look at these faces closely. Observe them closely and see, is it not yours?

**Questioner:** When a scientist works hard on some problem and solves it, will it be called happiness or joy?

**Acharya Prashant:** Joy is not a result of happening. A scientist who is waiting for a particular day, the day of result, that I will obtain joy on that particular day. That is not joy.

**Questioner:** What if he does not want an award or something?

**Acharya Prashant:** Then nothing has happened. If he doesn't want anything, then nothing has happened. Something happens only when you want something.

**Questioner:** What if he gets the result and shouts, "Eureka! Eureka!"

**Acharya Prashant:** Then he must have wanted something, and he got it. What is it, then?

**Questioner:** Then how do we motivate people in day-to-day life?

**Acharya Prashant:** What do you motivate them for? Do not ask how to motivate them. First ask, what do I motivate them for? What do you want? This is a question similar to someone asking, how to slaughter more and more animals? Give me a technique. Right now, I am able to slaughter only two thousand animals per hour; how to slaughter ten thousand? You are asking for technique. I am asking, "Why slaughter?"

**Questioner:** But we need to do something in life; we need to have a career.

**Acharya Prashant:** Suppose you don't do anything, then?

**Questioner:** We are not meant to not do anything.

**Acharya Prashant:** Who told you that? Were you born with that knowledge? First of all, who told you that you must do something? Who told you that you must do something? Were you born thinking, "I must achieve a few goals?" Were you born this way? From where does this come, then?

**Questioner:** Family.

**Acharya Prashant:** Go ahead. From where does it come to the family?

**Questioner:** Society.

**Acharya Prashant:** And from where does it come to society?

**Questioner:** Collective human consciousness.

**Acharya Prashant:** No, it is not collective human consciousness. When you light a bonfire, the light emanating out of the fire, was for how much time?

**Questioner:** Till it is burning.

**Acharya Prashant:** And the ashes?

**Questioner:** Forever.

**Acharya Prashant:** The leftovers are the ashes. You have kept hold of those ashes. What can you capture in your hand, flame or ashes? The fire can be experienced. What can you take in your hand, which you can collect and put into your boxes; will it be the flame or

ashes? This all is that which gets accumulated; with the passage of time, it becomes holy ash. This is that ancestral ash, now you keep it and pass it on to successive generations. The flame is long gone, and you keep passing the ash. What are all these religious scriptures? Ash. Shri Krishna was the fire; he is gone. He said something and went away; left is the ash which you are passing on.

The wise ones said that life is given to you, get something from it.

Kabir Sahab has said, *"Aaya thakiskaam ko, soya chaadartaan. Surat sambhaal re gaafil, apnaaappehchaan."*

This is what Kabir said, and only those can understand, who are sitting in front of Kabir Sahab. And the ones who are distant from Kabir Sahab, they will say, "We are here to do something." They will say, "See, Kabir Sahab has also said that there must be a purpose, a target," and he has further added that "One should not sleep, one should do hard work." The speaker has said something else, and the inference drawn is totally something else.

**Questioner:** This all starts with uneasiness, when we are not feeling comfortable with ourselves, and you feel like you should do something. You are not happy sitting. You don't know what is lacking.

**Acharya Prashant:** Even that is not since childhood. This thing is fed into your mind, that you have committed a crime if you are sitting idle. It is so deep-seated that to a student of class six or seven, you will not say, "Just sit still and quiet for a single day." Even they will feel that the day was wasted, the day in which I was not productive, the day was wasted. All this is the thing after the industrial revolution, that the complete onus has come to productivity. How productive were you in the day? Why must I be productive? Why do you not ask this question? Why must I be productive?

**Questioner:**Even if nobody says it, we are not comfortable with it ourselves.

**Acharya Prashant:** Why are you not comfortable? He is not saying right now, he has said it already, but the thing is so deeply seated in the mind. He is not saying right now, but he has already said so many things. The songs that you listen to: *"Veer tum badhechalo, nar ho naniraash karo man ko."* You have read these poems, right? Maybe in fifth grade: *"Kuch kaam karo, kuchkaam karo, jag meinrehkarkuch naam karo, yeh janmhuakisarthaho, samjhojismein yeh vyarthna ho."*

Now, when you have taught the kids of fifth grade that *"Kuch kaam karo, kuchkaam karo, jag meinrehkarkuch naam karo."* This is the poison that you are feeding to the kids of fifth grade. *"Jag meinrehkarkuch naam karo, yeh janmhuakisarthaho, samjhojismein yeh vyarthna ho."* So many things, so many poisons, you just put them into his mind. Now, all these poisons will do their work.

**Questioner:** Even when we enjoy ourselves, this thing remains.

**Acharya Prashant:** You will find many people who will feel very guilty if they are not sad. They will get tensed over the thing, why are we not sad today?

**Continue on page no. 35**

# MURDER OF BEEF BUTCHERS BY KUKAS

**Edited by: Dr. Gurdev Singh Sidhu**
9417049417



11. **Civil Surgeon's report.**

On this occasion Jai Ram was summoned, and his alleged injuries examined by the Civil Surgeon. I append the Civil Surgeon's report, from which it appears that the evil state of this man's body in this locality has distinctly the appearance of being the result of a particular disease, and that it would be a very improbable thing that these marks should be the result of injuries inflicted three years ago.

12. **Main points of maltreatment.**

The main points of the maltreatment complained of were that he had been made to sit on a slab of stone or slate covered with some acid that burnt him, and, secondly, that red pepper had been burnt in the room in which he was confined, which had produced deafness.

13. **Medical opinion adverse to the truth of Jai Ram's assertions.**

It was distinctly the opinion of the Medical Officer that the effect of a bath of burning acid as described would have been to leave a general scar covering the whole locality, of which there was no sign, and further that burnt pepper would in the first instance have affected the eyes rather than the ears.

14. **Opinion of the officers assembled also adverse to the truth of Jai Ram's statement.**

On the above grounds, the opinions of the officers I had assembled were adverse to the truth of Jai Ram's statements of maltreatment, based on the marks he professed to show on his body, the medical evidence showing very clearly that in all probability these allegations were fabricated.

15**. My own opinion similar**.

My own opinion was distinctly to this effect, namely, that the assertion that these sores were the result of the treatment received three years before was not merely an exaggeration of a partial truth, but that the allegation thus based was, as far as I could judge, distinctly and designedly false.

16. **Jai Ram had been long expecting trial on a serious charge; his preparing a sensational defence natural.**

With regard to this it must be remembered that Jai Ram had for a

considerable time had a trial impending over him on a charge of so distinct and serious a character that he may not unnaturally have thought that nothing but an equally serious and sensational counter-charge would be likely to ward off conviction on it, or obtain mitigation of punishment if the conviction were inevitable.

17. **My own connection with the case.**

Before giving a final opinion regarding the necessity or otherwise of further proceedings in this case, I wish briefly to review my own connection with it, as I hope that it may be considered to give me some right to speak with regard to the course which it may now be necessary or expedient to pursue.

18. **I joined the division in April 1872.**

I joined the division, having returned from furlough, in April 1872. The excitement regarding the butcher murders and the subsequent trials had in a great measure subsided. His Honor the Lieutenant-Governor's visit to Amritsar and the proceedings then held by him had had a sedative effect. The Hindus who had been falsely accused appeared to be quite quiescent. I did not even know - for it in no way came to the front - that some of the men who had been falsely accused had received the permission of the sessions court to prosecute two of the men who had informed against them. It subsequently appeared that they had received this permission on the 9th of December 1871 by an order of Major Davies, the then Commissioner.

19. **Character of action taken by the injured parties in prosecuting false informers.**

It has cost me some pains to ascertain the exact extent and character of the action taken by the injured parties, i. e., the men who had been falsely accused of the butcher murders against their false accusers.

20. **Major Davies exempted Jai Ram from prosecution.**

Major Davies, the Commissioner, had been applied to for the permission to prosecute Hira Singh, Aya and Jai Ram Seth. He permitted the prosecution of the two first, but, for reasons which he has since explained, he refused the permission in the case of Jai Ram.

21. **The prosecution of the two principal informers left open.**

It was, however, open to the injured men at once to prosecute Hira and Aya, who were really the two active informers in the case, Jai Ram having been only subsequently dragged into the matter by their machinations, and in some mysterious manner induced to back their assertions.

22. **It was very necessary that the prosecutions should be carried out at once.**

I note that if the true story were to be arrived at, nothing was so necessary, or would have so much conduced to an opening up of the whole ramifications of the case, as the immediate prosecution of the two principal informers.

**23. Injured parties slack about the prose**cutions.

Instead, however, of any prompt and vigorous action on the part of the men who

had been falsely accused, they had not, though provided with the Commissioner's permission, which they duly quote, so effectually lodged their complaint as to get it properly taken up till so far on as 17th October 1872.

24. **A complaint filed by one Soubah, one of the men who had been falsely accused, early in the spring of 1872**.

I find there had been an attempt on the part of one Soubah, one of the falsely accused persons, to get the matter taken up in the spring of 1872. By a careful search in the vernacular records I have discovered a petition of his, dated 1st October 1872, in which he lodges a complaint against Aya, and in this petition he states that, in accordance with the permission of the Commissioner (i. e., the Sessions Judge), he had filed a prosecution against the false informers before Captain Marshall (Captain Marshall, Officiating Deputy Commissioner, who had subsequently reverted to Assistant Commissioner, left the Amritsar district in April 1872), but that he had himself fallen ill, and nothing had come of it.

**No order by Sessions Court endorsed on his petition permitting the prosecution.**

He therefore complained again, but it was evident that in his former complaint he had probably only quoted the Commissioner's permission and had not filed his order or an attested copy of it; and this he also failed to do with his petition of the 1st October 1872.

**25. Munna Singh files a complaint in due form, with Sessions Judge's permission accompanying, on the 17th of October 1872.**

**Commissioner's permission being dated 9$^{th}$ December 1871.**

However, a few days afterwards, namely, on the 17th of October 1872, Munna Singh, also one of the injured men, filed a complaint in due form, accompanied by Major Davies' original order permitting the prosecution of Hira and Aya. The complaint charged Hira and Aya, and Jaimul, one of the witnesses, under Section 194 of the Indian Penal Code, and it mentioned that it was the intention of the complainant to bring charges against the rest of the witnesses when he should ascertain their names from the records of the case.

26**. Translation of Munna Singh's complaint**.

I give a translation of the petition lodging the complaint, as I think it shows clearly that the complainant only professed it to be his first effort to obtain the punishment of the men who had injured him since obtaining the Sessions Judge's permission to prosecute them ten months before. The petition runs:—

"In accordance with the written order of the Commissioner dated 9th December 1871, I lodge this complaint to the effect that the accused, having falsely informed against me in the matter of the butchers, had me placed in confinement, causing me expense and damage to the amount of Rs. 3,000. Regarding this I many times gave in petitions. (I note that these would all have been previous to the Commissioner's order), and the order on them which I received was to the effect that

I must bring a ruling from the office of the Sessions Judge and then my complaint would be heard. Accordingly, having obtained the required ruling, I now complain, and request that the accused may be summoned and dealt with in order that they may not again be guilty of such an act. The present complaint therefore is filed under Section 194, Indian Penal Code, in order that the charge may be investigated. For proof the record in the criminal trial is forthcoming, and the permission to prosecute is with me, and I will place it before the Court.

"With regard to those men who gave false evidence I shall file separate complaints.

"Signed by Munna Singh, Chelah of Hindal Singh, caste Nihang (Akali), of the Ramghurrian Khuttra, Amritsar."

**Munna Singh's deposition of the 25th October 1872.**

In his deposition taken in Court on the 25th of October, Munna Singh notes that Hira and Aya were informers, and Jaimul a witness, and that he will prosecute the other witnesses (drawing thus a distinction between them and the informers) when he finds out their names from the record.

**27. Original petition presented to Commissioner on 5th December 1871 by Munna Singh, Maya and Ram Kishen.**

With the above petition Munna Singh. filed his original petition to the Commissioner with Major Davies' original order upon it. This petition was dated December 5th, 1871, it was from Munna Singh, Maya and Ram Kishen, all three men who had been falsely accused, saying that they had applied to the Deputy Commissioner, who said he could do nothing without the permission of the Sessions Court.

On this petition Major Davies passed his order of the 9th December 1871, allowing the prosecution of Hira and Aya, and disallowing that of Jai Ram.

28. **Munna Singh, Maya and Ram Kishen fully empowered on the 9th December 1871 to prosecute on 9th December 1871 did not do so till October 1872.**

**Hira had then absconded.**

Thus these three men, Munna Singh, Maya and Ram Kishen, were fully empowered on the 9th December 1871to prosecute the two real informers; and they took no measures to act on this permission till the 17th of October 1872. The consequence was that one of the two had absconded. Aya was tried and confessed, but pleaded mal-treatment and intimidation. This plea was, according to my impression of the bearings of the case, too easily received, and he got off with a light punishment.

29. **Character of Hira and Aya, and opinion that they were never harshly treated by the police.**

**Police induced to put too much faith in Hira.**

Hira and Aya were two, as Mr. Turton Smith called them, "notorious evil-livers;" they were the instruments made use of in the unravelment, as it was for a time fully supposed to be, of the story of this great crime; and my belief is that they themselves had an easy time of it with the police, who were induced by some solid points of evidence

which had transpired with regard to Hira to put faith in their assertions and to act against all whom they indicated as concerned in the crime.

30. **Opinion as to how the case against the city Hindus was worked up.**

I therefore entirely disbelieve Aya's assertion that he was subjected to any rough treatment. With regard to this I quote a passage from a demi- official letter of my own, dated 23rd March 1874, as describing what I believe to have been the process by which the accusation against the city Hindus grew to the dimensions it eventually reached. I wrote that, after going carefully through the facts of the case, it appeared to me that "the whole point for enquiry was nutshelled into the events of five or six days. First, one man Hira Phatrah had been allowed to turn informer, and then he had associated a second with himself, Aya; thirdly, these two managed to throw a coil in some way round Jai Ram, a respectable citizen. What their hold upon him was is one of the matters for enquiry, but it may fairly be conjectured to have been that Jai Ram had truly been rather deeply engaged in the previous Hindu agitation against the killing of kine, and the others were possibly able to show him that if he resisted their will they would involve him in ruin by evidence which would be incontestable, because truly showing his seditious spirit and action in the previous agitation." *** I utterly disbelieve the assertion of Aya that he was tortured or maltreated. He and Hira were in good case all along. It is also, I conceive, perfectly possible that there was no material pressure put on Jai Ram, but that he was quietly intimidated into perjuring himself by the other two informers. **Mr. Christie possibly quite unconnected with the proceedings of the informers, who managed matters their own way, only producing results.**

to be continued

.......................................................

## What is joy (Anand) ?

If their day passes by without agony, especially the elderly people of the small towns, let alone joy, they hate happiness. You start laughing in front of them, and they will say, "What a loose character man, laughing!" Have you seen such people who put so much value on the thing that you cry? You are sitting silent, idle, not doing anything, and moreover, you are laughing, then you are completely a flimsy man. "Such a low man, laughs." You get married, and you enter the new house and burst into laughter, and the reaction would be, "My God, what kind of girl have we brought to our house? Did you check her background or not? She was laughing so loud that it could be heard in the other room." So, even if you feel like laughing, control it. Keep your mouth shut. No sounds should be there. I went to a place recently, and there everybody was clicking photographs and recording with his mobile phone. Nowadays, whoever has a camera is a cameraman. Now, three-four cameras are following you all the time, and you do not know who is listening, seeing, and recording what, from which angle. Cameras are at all places. Now, if everywhere is a camera, then it is certain that you are an actor every moment. You cannot be real.

.......................................................

# ਕਾਵਿ – ਕਿਆਰੀ

## ਧੰਨ ਮਾਤਾ ਚੰਦ ਕੌਰ ਜੀ

**ਮਨਜੀਤ ਸਿੰਘ ਰਾਗੀ**
**9810605220**

ਮਾਤਾ ਚੰਦ ਕੌਰ ਜੀ ਨੇ ਚਾਂਦਨੀ ਬਿਖੇਰ ਦਿੱਤੀ,
ਸੀਤਲ ਸੁਭਾਅ ਨਾਲ ਹਿਰਦਿਆਂ ਨੂੰ ਠਾਰਿਆ।
ਕਉਣ ਹੈ ਜੋ ਮਾਤਾ ਜੀ ਦੇ ਪਿਆਰ ਬਿਨਾਂ ਰਿਹਾ ਹੋਵੇ
ਮਾਈ ਭਾਈ ਬੁਢੇ ਬਾਲੇ ਸਭ ਨੂੰ ਦੁਲਾਰਿਆ।
ਖੁਸ਼ੀਆਂ ਦੇ ਖੇੜੇ ਸਦਾ ਵਸਦੇ ਸੀ ਉਹਦੇ ਵੇਹੜੇ
ਵੰਡ ਦੀ ਸੀ ਹਾਸੇ ਕਦੀ ਕ੍ਰੋਧ ਨਾ ਚਿਤਾਰਿਆ।
ਦੇਂਵਦੀ ਅਸੀਸਾਂ ਸਦਾ ਚਰਨੀਂ ਜੋ ਆਣ ਲੱਗੇ
ਗੁਰੂ ਨਾਮ ਚਿਤ ਆਵੇ ਏਹੋ ਹੀ ਪੁਕਾਰਿਆ।
ਧਾਰਕੇ ਧੀਰਜ ਸਦਾ ਸ਼ਾਤ ਤੇ ਅਡੋਲ ਰਹਿਣਾ
ਸੁੱਚਾ ਇਹ ਅਸੂਲ ਉਹਨਾਂ ਮਨ ਵਿਚ ਧਾਰਿਆ।
ਡਿਗੇ ਢੱਠੇ ਰੁਲਦਿਆਂ ਨੂੰ ਹਥੀਂ ਚੁੱਕ ਗਲੇ ਲਾਉਣਾ
ਕਰੁਣਾ ਦੀ ਮੂਰਤੀ ਨੇ ਏਹੋ ਹੀ ਵੀਚਾਰਿਆ।
ਖਾਣਾ ਪੀਣਾ ਸਾਦਾ ਤੇ ਪਹਿਰਣਾ ਵੀ ਸਾਦਾ ਜਿਹਾ
ਹਉਮੈ ਵਾਲੇ ਰੋਗ ਨੂੰ ਸੀ ਸਦਾ ਫਿਟਕਾਰਿਆ।
ਸੇਵਾ ਦੀ ਮੂਰਤੀ ਨੂੰ ਸੇਵਾ ਵਿਚ ਵੇਖਕੇ ਤੇ
ਗੁਰੂ ਪ੍ਰਤਾਪ ਮੁਖੋਂ ਇਹੋ ਸੀ ਉਚਾਰਿਆ।
ਏਹੋ ਜੇਹੀ ਬੀਬੀ ਗੁਰੂ ਘਰ ਵਿਚ ਸਦਾ ਸੋਹੇ
ਨੂੰਹ ਵਾਲਾ ਰਿਸ਼ਤਾ ਸੀ ਮਨ ਵਿਚ ਧਾਰਿਆ।
ਗੁਰੂ ਜਗਜੀਤ ਨਾਲ ਬਣਿਆ ਸੰਜੋਗ ਫਿਰ
ਨਾਮਧਾਰੀ ਪੰਥ ਨੇ ਸੀ ਕੀਤੀ ਜੈ ਜੈ ਕਾਰਿਆ।
ਗੁਰੂ ਜਗਜੀਤ ਸਿੰਘ ਨੂੰ ਪਰਮੇਸ਼ਰ ਪ੍ਰਤੱਖ ਜਾਣ
ਸਿਖ ਬਣ ਚੰਦ ਕੌਰ ਕੀਤਾ ਸਤਿਕਾਰਿਆ।
ਗੁਰੂ ਕੇ ਮਹਿਲ ਬਣ ਅਤਿ ਦੇ ਨਿਮਰ ਹੋਏ
ਫਲਦਾਰ ਰੁਖ ਜਿਵੇਂ ਝੁਕਦਾ ਹੀ ਜਾ ਰਿਹਾ।

ਵਾਲੀ ਤੀਨ ਲੋਕ ਕੇ ਗੁਰੂ ਜਗਜੀਤ ਸਿੰਘ
ਨਾਮ ਦਾਨ ਦੇ ਕੇ ਕੀਤਾ ਜਗ ਦਾ ਉਧਾਰਿਆ।
ਰਾਗ ਰੰਗ ਨਾਮ ਬਾਣੀ ਕੀਰਤਨ ਇਲਾਹੀ ਸੁਣ
ਕਹਿੰਦੀ ਲੋਕਾਈ ਇਹ ਤਾਂ ਸਚੀ ਸਰਕਾਰਿਆ।
ਰਸ ਭਿੰਨਾ ਮਿਠ ਬੋਲ ਸਭ ਨਾਲ ਪਿਆਰ ਕੀਤਾ
ਜਿੱਤ ਲਿਆ ਜਗਜੀਤ ਸਾਰਾ ਸੰਸਾਰਿਆ।
ਏਧਰ ਮਾਤਾ ਚੰਦ ਕੌਰ ਨਾਮ ਬਾਣੀ ਵਿਚ ਰੰਗੀ
ਵੰਡਦੀ ਨਾ ਥੱਕਦੀ ਪਦਾਰਥ ਭੰਡਾਰਿਆ।
ਗੁਰ ਘਰ ਵਾਲੀ ਇਹ ਰੀਤ ਹੈ ਪੁਰਾਣੀ ਤਾਈ
ਅਰਸ਼ੀ ਇਸ ਦੰਪਤੀ ਨੇ ਕੀਤੀ ਸਾਕਾਰਿਆ।
ਗੁਰੂ ਜਗਜੀਤ ਆਦੇਸ਼ ਕੀਤਾ ਮਾਤਾ ਜੀ ਨੂੰ
ਛੋਟਾ ਕਾਕਾ ਉਦੇ ਸਿੰਘ ਸਿੱਖ ਸਚਿਆਰਿਆ।
ਉਹਦੇ ਲੜ ਲਾਈ ਸਾਰੀ ਸੰਗਤ ਦੇ ਤਾਈਂ
ਏਹੋ ਮੇਰਾ ਫੈਸਲਾ ਤੇ ਏਹੋ ਪ੍ਰਚਾਰਿਆ।
ਪੈਣ ਨਾ ਭੁਲੇਖੇ ਮੇਰੇ ਸਿਖਾਂ ਦੇ ਚਿਤ ਕਿਤੇ
ਬਣ ਬਣ ਬੈਠ ਰਹੇ ਬੜੇ ਦਾਹਵੇ ਦਾਰਿਆ।
ਮਾਤਾ ਚੰਦ ਕੌਰ ਜੀ ਪਕੇ ਰਹੇ ਫੈਸਲੇ ਤੇ
ਗੁਰੂ ਜਗਜੀਤ ਸਿੰਘ ਪਿਛੋਂ ਏਹੋ ਹੀ ਵੀਚਾਰਿਆ।
ਨੇਕ ਉਦੇ ਸਿੰਘ ਨਾਲ ਸਤਿਗੁਰੂ ਪਦਵੀ ਜੋੜ
ਪਵਿੱਤਰ ਗੁਰ ਗੱਦੀ ਉਤੇ ਆਪ ਹੀ ਬੈਠਾਰਿਆ।
ਪੂਰਾ ਇਹ ਕਾਰਜ ਕਰ ਪਹੁੰਚੇ ਜਗਜੀਤ ਪੁਰੀ
ਰਾਗੀ ਮਨਜੀਤ ਜਾਵੇ ਸਦਾ ਬਲਿਹਾਰਿਆ।

.................................................

# ਖ਼ਬਰਨਾਮਾ

## ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਆਦੀਆਂ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਪੰਜਾਬ ਦੀ ਸਰਹੰਦ ਨਾਲ ਵੱਸੇ ਜਿਸ ਦਾ ਦੂਸਰਾ ਪਾਸਾ ਪਾਕਿਸਤਾਨ ਦੇਸ ਨਾਲ ਲੱਗਦਾ ਹੈ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਆਦੀਆ ਵਿਖੇ **ਮਿਤੀ 28 ਫਰਵਰੀ 2026 ਦਿਨ ਸ਼ਨੀਵਾਰ** ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਜਿਕਰਯੋਗ ਹੈ ਕਿ ਪਿੰਡ ਆਦੀਆਂ ਦੇ ਨੌਜਵਾਨ ਰਣਜੀਤ ਸਿੰਘ ਜਿਸ ਨੂੰ ਪੁਲਿਸ ਇਕ ਪੁਲਿਸ ਮੁਕਾਬਲੇ ਵਿੱਚ ਮੌਤ ਦੇ ਘਾਟ ਉਤਾਰ ਦਿੱਤਾ ਸੀ ਉਸ ਦੇ ਪਰਿਵਾਰ ਨੂੰ ਦਰਸ਼ਨ ਦੇਣ ਅਤੇ ਹੌਸਲਾ ਦੇਣ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਦੁਪਹਿਰ ਦੇ ਨਾਮ ਸਿਮਰਨ ਦੇ ਦੌਰਾਨ 2 ਵਜੇ ਕੇ 45 ਮਿੰਟ ਤੇ ਚਾਲੇ ਪਾਏ ਤਾਂ ਰਸਤੇ ਵਿੱਚ ਵਾਇਆ ਜਲੰਧਰ, ਦਸੂਹਾ ਮਕੇਰੀਆਂ ਹੁੰਦੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਆਦੀਆ ਵਿਖੇ 6:30 ਵੱਜੇ ਪਹੁੰਚੇ ਤਾਂ ਰਣਜੀਤ ਸਿੰਘ ਪੁੱਤਰ ਸ. ਬਿਕਰਮਜੀਤ ਸਿੰਘ ਜੋ ਕਿ ਚੜ੍ਹਾਈ ਕਰ ਗਿਆ ਸੀ। ਰਣਜੀਤ ਸਿੰਘ ਦੀ ਮਾਤਾ ਸੁਖਵਿੰਦਰ ਕੌਰ ਅਤੇ ਉਸ ਦੀਆਂ ਦੋਨੋਂ ਭੈਣਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਹੌਸਲਾ ਦਿੰਦੇ ਹੋਏ ਉਸ ਪਰਮਾਤਮਾ ਦੇ ਹੁਕਮ ਵਿਚ ਰਹਿਣ ਲਈ ਹੁਕਮ ਕੀਤਾ। ਕਾਕਾ ਰਣਜੀਤ ਸਿੰਘ ਦੇ ਤਾਇਆ ਜੀ ਸ. ਹਰਵਿੰਦਰ ਸਿੰਘ ਮੱਲੀ ਨੇ ਸਾਰੀ ਵਾਰਦਾਤ ਬਾਰੇ ਸ੍ਰੀ ਸਤਿਗੁਰੂ ਜੀ ਨੂੰ ਵਿਸਥਾਰ ਪੂਰਵਕ ਦੱਸਿਆ। ਕੁਝ ਸਮਾਂ ਰੁਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਭੈਣੀ ਸਾਹਿਬ ਲਈ ਵਾਪਸੀ ਕੀਤੀ ਅਤੇ ਦੇਰ ਰਾਤ ਤੱਕ ਸ੍ਰੀ ਭੈਣੀ ਸਾਹਿਬ ਆਣ ਪਧਾਰੇ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਾਮਪੁਰਾ ਫੂਲ ਵਿਖੇ ਸਮਾਗਮ

ਰਾਮਪੁਰਾ ਫੂਲ ਦੀ ਸਾਧ ਸੰਗਤ ਹਰ ਸਾਲ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਉਂਦੀ ਹੈ। ਸੰਗਤ ਦੇ ਦਿਲ ਦੀ ਭਾਵਨਾ ਹੁੰਦੀ ਹੈ ਕਿ ਇਹ ਸਮਾਗਮ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਉਹਨਾਂ ਦੀ ਆਗਿਆ ਨਾਲ ਹੀ ਮਨਾਇਆ ਜਾਵੇ। ਏਸੇ ਭਾਵਨਾ ਨੂੰ ਮੁੱਖ ਰੱਖਦੇ ਹੋਏ ਸ੍ਰੀ ਸਤਿਗੁਰੂ ਜੀ ਨੇ **ਮਿਤੀ 2 ਮਾਰਚ 2026 ਦਿਨ ਸੋਮਵਾਰ** ਨੂੰ ਰਾਮਪੁਰਾ ਫੂਲ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ. ਮਨਪ੍ਰੀਤ ਸਿੰਘ ਪੁੱਤਰ ਸ. ਮੇਜਰ ਸਿੰਘ ਦੇ ਗ੍ਰਿਹਿ ਵਿਖੇ ਪ੍ਰਸ਼ਾਦਾ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਧਰਮਸ਼ਾਲਾ ਵਿਖੇ ਦਰਸ਼ਨ ਦਿੱਤੇ ਤਾਂ ਜਥੇ. ਨਿਸ਼ਾਨ ਸਿੰਘ ਦਿਲੀ ਦੀਵਾਨ ਸਜਾ ਰਹੇ ਸਨ। ਏਸੇ ਦੌਰਾਨ ਸਾਬਕਾ ਮੰਤਰੀ ਸ. ਸਕਿੰਦਰ ਸਿੰਘ ਮਲੂਕਾ ਜੀ ਵੀ ਦਰਸ਼ਨ ਕਰਨ ਆਣ ਪਹੁੰਚੇ। ਬਠਿੰਡਾ ਟਰਸਟ ਦੇ ਚੇਅਰਮੈਨ ਸ. ਜਤਿੰਦਰ ਸਿੰਘ ਭੋਲਾ ਨਾਮਧਾਰੀ ਸਹੀਦਾਂ ਬਾਰੇ ਬੋਲੇ ਸ. ਗੁਰਪ੍ਰੀਤ ਸਿੰਘ ਕਾਂਗੜ ਸਾਬਕਾ ਮੰਤਰੀ ਵੀ ਪਧਾਰੇ। ਬਾਬਾ ਰਾਜਾ ਸਿੰਘ ਕਾਲਝਰਾਨੀ ਵੀ ਉਚੇਚੇ ਤੌਰ ਤੇ ਪਹੁੰਚੇ। ਰਾਮਪੁਰਾ ਫੂਲ ਦੀਆਂ ਬੱਚੀਆਂ ਨੇ ਦੇਹ ਸਿਵਾ ਬਰ ਮੋਹਿ ਇਹੋ ਗਾਇਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਹੁਕਮ ਕੀਤਾ ਕਿ ਆਪਾਂ ਬੜੇ ਔਖੇ ਸਮੇਂ ਵਿਚੋਂ ਗੁਜ਼ਰ ਰਹੇ ਹਾਂ ਕੇਵਲ ਨਾਮ ਸਿਮਰਨ ਅਤੇ ਗੁਰਬਾਣੀ ਨਾਲ ਜੁੜ ਕੇ ਸੋਖੇ ਹੋ ਸਕਦੇ ਹਾਂ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਧਰਮ ਸਿੰਘ ਪੁੱਤਰ ਸ. ਗੁਰਮੇਲ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਮੰਚ ਸਚਾਲਨ ਡਾ. ਲਖਵੀਰ ਸਿੰਘ ਜੀ ਨੇ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਪਿੰਡ ਅੰਮ੍ਰਿਤਸਰ ਕਲਾਂ ਜ਼ਿਲ੍ਹਾ ਸਿਰਸਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ **ਮਿਤੀ 3 ਮਾਰਚ 2026 ਦਿਨ ਮੰਗਲਵਾਰ** ਨੂੰ ਇਲਾਕਾ ਸ੍ਰੀ ਜੀਵਨ ਨਗਰ ਦੇ ਪਿੰਡ ਅੰਮ੍ਰਿਤਸਰ ਕਲਾਂ ਵਿਖੇ ਸ. ਨਿਰਮਲ ਸਿੰਘ ਨਾਨੂੰ ਪੁੱਤਰ ਸ. ਗੁਰਦੇਵ ਸਿੰਘ ਨੰਬਰਦਾਰ ਦੇ ਗ੍ਰਿਹਿ ਵਿਖੇ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਦੌਰਾਨ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਸਤਨਾਮ ਸਿੰਘ,

ਸੰਤਾ ਸਿੰਘ ਅਤੇ ਬਸੰਤ ਸਿੰਘ ਆਸਾ ਦੀ ਵਾਰ ਦਾ ਕੀਰਤਨ ਕੀਤਾ। ਇਸ ਸਮੇਂ ਸੰਤ ਜਗਤਾਰ ਸਿੰਘ ਜੀ ਪਨਿਹਾਰੀ ਅਤੇ ਬੀਬਾ ਸਾਹਿਬ ਕੌਰ ਜੀ ਵੀ ਪਧਾਰੇ ਜਿਹਨਾਂ ਦੀ ਇਸ ਪਰਿਵਾਰ ਨੂੰ ਬਹੁਤ ਹੀ ਨਜਦੀਕੀ ਰਿਸਤੇਦਾਰੀ ਸੀ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਪਾਵਨ ਪਵਿੱਤਰ ਗੁਰਬਾਣੀ ਦੇ ਅਖੰਡਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ ਪਰਿਵਾਰ ਵਲੋਂ ਆਈ ਸਾਧ ਸੰਗਤ ਦੀ ਸੇਵਾ ਸ਼ਰਧਾ ਅਤੇ ਸਤਿਕਾਰ ਸਹਿਤ ਕੀਤੀ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪ੍ਰਸ਼ਾਦਾ ਵੀ ਸ. ਗੁਰਦੇਵ ਸਿੰਘ ਨੰਬਰਦਾਰ ਪੁੱਤਰ ਸ. ਲਾਲ ਸਿੰਘ ਦੇ ਗ੍ਰਹਿ ਵਿਖੇ ਛੱਕਣ ਦੀ ਕਿਰਪਾ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਸਿਰਸਾ ਵਿਖੇ ਸਥਿਤ ਇਤਿਹਾਸਿਕ ਗੁਰਦਵਾਰਾ ਚਿੱਲਾ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਹਰਿਆਣਾ ਦੇ ਸ਼ਹਿਰ ਸਿਰਸਾ ਦੇ ਮੱਧ ਵਿਚ ਸਥਾਪਤ ਹੈ ਇਤਿਹਾਸਿਕ ਗੁਰਦੁਆਰਾ 'ਚਿੱਲਾ ਸਾਹਿਬ' ਜਿਸ ਨੂੰ ਜਗਤ ਗੁਰੂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਜਿਥੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ 40 ਦਿਨ ਲਗਾਤਾਰ ਨਿਰੰਤਰ ਰਹਿ ਕੇ ਜਾਪ ਕੀਤਾ ਏਸੇ ਕਰਕੇ ਚਾਲੀਏ ਤੋਂ ਨਾਮ 'ਚਿੱਲਾ ਸਾਹਿਬ' ਮਸ਼ਹੂਰ ਹੋ ਗਿਆ ਮੁੱਖ ਦੀਵਾਨ ਹਾਲ ਦੇ ਛਿਪਦੇ ਪਾਸੇ ਸਰੋਵਰ ਵੀ ਸਥਿਤ ਹੈ। ਏਸੇ ਸਥਾਨ ਦੇ ਮੁੱਖ ਸੇਵਾਦਾਰ ਹਨ ਬਾਬਾ ਜਗਤਾਰ ਸਿੰਘ ਜੀ ਜੋ ਕਿ 8 ਮਾਰਚ ਨੂੰ ਮਸਤਾਨਗੜ੍ਹ ਵਿਖੇ ਹੋਲੇ-ਮਹੱਲੇ ਦੇ ਸਮਾਗਮ ਵਿਚ ਹਜ਼ੂਰੀ ਭਰ ਕੇ ਆਏ ਸਨ। ਬਾਬਾ ਜਗਤਾਰ ਸਿੰਘ ਜੀ ਵਲੋਂ ਸੱਦਾ ਦੇਣ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਸ ਇਤਿਹਾਸਿਕ ਗੁਰਦਵਾਰਾ ਚਿੱਲਾ ਸਾਹਿਬ ਵਿਖੇ ਸਾਧ ਸੰਗਤ ਸਮੇਤ ਦਰਸ਼ਨ ਦੇਣ ਦੀ ਕਿਰਪਾ ਕੀਤੀ। ਬਾਬਾ ਜਗਤਾਰ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੂੰ ਸ੍ਰੀ ਸਤਿਗੁਰੂ ਜੀ ਦਾ ਸ਼ਰਧਾ ਭਾਵਨਾ ਨਾਲ ਸਤਿਕਾਰ ਕੀਤਾ ਅਤੇ ਸਾਰੇ ਸਥਾਨ ਦਾ ਭਰਮਨ ਕਰਵਾਇਆ। ਗੁਰਦਵਾਰਾ ਸਾਹਿਬ ਦੀ ਲੰਗਰ ਦੀ ਮਰਿਯਾਦਾ ਬਾਰੇ ਦੱਸਿਆ ਗਿਆ ਕਿ ਲੰਗਰ ਦੇ ਬਰਤਨ ਰੇਤੇ ਨਾਲ ਤਿੰਨ ਵਾਰ ਮਾਂਜ ਕੇ ਸੁਕ ਮਾਂਜ ਕਰਕੇ ਲੰਗਰ ਵਿਚ ਵਰਤੇ ਜਾਂਦੇ ਹਨ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਪਿੰਡ ਅੰਮ੍ਰਿਤਸਰ ਖੁਰਦ ਅਤੇ ਪ੍ਰਤਾਪ ਨਗਰ ਜ਼ਿਲ੍ਹਾ ਸਿਰਸਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

**ਮਿਤੀ 2 ਮਾਰਚ 2026 ਦਿਨ ਸੋਮਵਾਰ** ਨੂੰ ਸਾਧ ਸੰਗਤ ਦੀ ਅਰਜ ਮੰਨ ਕੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਲਾਕਾ ਸ੍ਰੀ ਜੀਵਨ ਨਗਰ ਦੇ ਪਿੰਡ ਅੰਮ੍ਰਿਤਸਰ ਖੁਰਦ ਵਿਖੇ ਡੀ.ਸੀ. ਦੇ ਅਰਜ਼ ਕਰਨ ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਮੁੱਚੇ ਸਮਸੇ ਵਾਲੇ ਪਰਿਵਾਰ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਧੰਨਵਾਦ ਕੀਤਾ ਅਤੇ ਪਰਿਵਾਰ ਵਿਚ ਆਪਸੀ ਪਿਆਰ ਅਤੇ ਗੁਰਸਿੱਖੀ ਦੀ ਬਖਸ਼ਿਸ਼ ਕਰਨ ਦੀ ਮੰਗ ਸ੍ਰੀ ਸਤਿਗੁਰੂ ਜੀ ਕੋਲ ਕੀਤੀ। ਪ੍ਰਤਾਪ ਨਗਰ ਵਿਖੇ ਹੀ ਸ. ਅੰਗਰੇਜ਼ ਸਿੰਘ, ਬਲਦੇਵ ਸਿੰਘ, ਪੂਰਨ ਸਿੰਘ ਪੁੱਤਰ ਸ. ਸੁਰਜੀਤ ਸਿੰਘ। ਸ. ਮਹਿੰਗਾ ਸਿੰਘ ਸਰਪੰਚ ਪੁੱਤਰ ਬਲਕਾਰ ਸਿੰਘ, ਸੁਖਦੇਵ ਸਿੰਘ ਪੁੱਤਰ ਦਲੀਪ ਸਿੰਘ, ਮਨਜੀਤ ਸਿੰਘ ਪੁੱਤਰ ਅਜੈਬ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਰਾਤ ਮਸਤਾਨਗੜ੍ਹ ਆਣ ਵਿਸ਼ਰਾਮ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਪਿੰਡ ਕੰਗਣਪੁਰ ਅਤੇ ਬੇਗੂਸ਼ਾਹਪੁਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

**ਮਿਤੀ 9 ਮਾਰਚ 2026 ਦਿਨ ਸੋਮਵਾਰ** ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਹੋਲੇ ਮਹੱਲੇ ਦੇ ਸਮਾਪਤੀ ਸਮਾਗਮ ਤੋਂ ਬਾਅਦ ਦੂਸਰੇ ਦਿਨ ਸਿਰਸਾ ਸ਼ਹਿਰ ਦੇ ਬਿਲਕੁਲ ਨਾਲ ਲਗਦੇ ਪਿੰਡ ਕੰਗਣਪੁਰ ਵਿਖੇ ਨਗਰ ਦੀ ਸਾਧ ਸੰਗਤ ਦੀ ਅਰਜ ਬੇਨਤੀ ਪ੍ਰਵਾਨ ਕਰਦੇ ਹੋਏ ਤਕਰੀਬਨ 50 ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਪਿੰਡ ਦੇ ਕੁਝ ਘਰ ਬਾਹਰ ਢਾਣੀਆਂ (ਡੇਰਿਆਂ) ਤੇ ਵੱਸੇ ਹੋਏ ਸਨ। ਸਾਧ ਸੰਗਤ ਵਿਚ ਸ੍ਰੀ ਸਤਿਗੁਰੂ ਜੀ ਦੀ ਆਮਦ ਨੂੰ ਲੈ ਕੇ ਕਾਫੀ ਉਤਸ਼ਾਹ ਅਤੇ ਚਾਅ ਸੀ। ਏਥੇ ਨੇੜੇ ਹੀ ਵੱਸੇ ਪਿੰਡ ਬੇਗੂ ਸ਼ਾਹ ਪੁਰ ਵਿਖੇ ਵੀ ਸ੍ਰੀ ਸਤਿਗੁਰੂ ਜੀ ਨੇ ਸਵਰਨ ਸਿੰਘ ਪੁੱਤਰ ਕਰਤਾਰ ਸਿੰਘ ਦੇ ਘਰ ਚਰਨ ਪਾਉਣ ਸਮੇਂ ਕਾਕਾ ਨੋ-ਨਿਹਾਲ ਸਿੰਘ ਪੁੱਤਰ ਸੰਦੀਪ ਸਿੰਘ ਅਤੇ ਫਤਿਹ ਸਿੰਘ ਪੁੱਤਰ ਮਨਜੀਤ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਸ੍ਰੀ

ਸਤਿਗੁਰੂ ਜੀ ਨੇ ਕੀਤੀ। ਸ੍ਰੀ ਸਤਿਗੁਰੂ ਜੀ ਨੇ ਰਣਜੀਤ ਸਿੰਘ, ਦੀਦਾਰ ਸਿੰਘ, ਹਰਦਿਆਲ ਸਿੰਘ, ਦਲਬੀਰ ਸਿੰਘ ਪੁੱਤਰ ਕਰਮ ਸਿੰਘ ਘਰ ਚਰਨ ਪਾਉਣ ਤੋਂ ਬਾਅਦ ਦਿੱਲੀ ਨੂੰ ਚਾਲੇ ਪਾਏ ਅਤੇ ਰਸਤੇ ਵਿਚ ਬਹਾਦਰਗੜ੍ਹ ਵਿਖੇ ਮਹਾਂਵੀਰ ਪਾਰਕ ਸ. ਗੁਰਮੀਤ ਸਿੰਘ, ਸਵਤੰਤਰ ਸਿੰਘ ਪੁੱਤਰ ਇੰਦਰਜੀਤ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

..........................................................

## ਜ਼ਿਲ੍ਹਾ ਲੁਧਿਆਣਾ ਦੇ ਪਿੰਡ ਕਕਰਾਲਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਪਿੰਡ ਕਕਰਾਲਾ ਦੇ ਵਸਨੀਕ ਸ. ਨਿਰਭੈ ਸਿੰਘ ਪੁੱਤਰ ਸ. ਸੁਰਜੀਤ ਸਿੰਘ ਦੇ ਸ੍ਰੀ ਸਤਿਗੁਰੂ ਜੀ ਨੂੰ ਅਰਜ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 17 ਮਾਰਚ 2026 ਦਿਨ ਮੰਗਲਵਾਰ ਨੂੰ ਪਿੰਡ ਕਕਰਾਲਾ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਘਰ ਪਰਿਵਾਰਾਂ ਨੂੰ ਦਰਸ਼ਨ ਦੇਣ ਸਮੇਂ ਸ੍ਰੀ ਸਤਿਗੁਰੂ ਜੀ ਨੇ ਨਿਰਭੈ ਸਿੰਘ ਪੁੱਤਰ ਸੁਰਜੀਤ ਸਿੰਘ ਦੇ ਘਰ ਚਰਨ ਪਾਉਣ ਸਮੇਂ ਕਾਕਾ ਨਿਰਵੈਰ ਸਿੰਘ ਪੁੱਤਰ ਸ. ਨਿਰਭੈ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਉਪਰੰਤ ਬਲਬੀਰ ਸਿੰਘ ਪੁੱਤਰ ਭਾਗ ਸਿੰਘ, ਤੇਜਾ ਸਿੰਘ ਪੁੱਤਰ ਪ੍ਰੀਤਮ ਸਿੰਘ, ਮਹਿੰਦਰ ਸਿੰਘ ਪੁੱਤਰ ਗੁਰਦਿੱਤ ਸਿੰਘ, ਪਿਆਰਾ ਸਿੰਘ ਪੁੱਤਰ ਚਰਨ ਸਿੰਘ, ਬਲਜਿੰਦਰ ਸਿੰਘ ਪੁੱਤਰ ਵਰਿੰਦਰ ਸਿੰਘ ਏਥੇ ਹੀ ਕਾਕਾ ਬਲਜਿੰਦਰ ਸਿੰਘ ਦਸਤਾਰ ਸਜਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ, ਸ. ਦਲਜੀਤ ਸਿੰਘ ਪੁੱਤਰ ਸੰਤ ਸਿੰਘ, ਵਰਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਏਥੋਂ ਹੀ ਚੱਲ ਕੇ ਸ੍ਰੀ ਸਤਿਗੁਰੂ ਜੀ ਨੇ ਚੰਡੀਗੜ੍ਹ ਦੇ ਸੈਕਟਰ 46 ਡੀ ਦੇ ਮਕਾਨ ਨੰ. 4257 ਵਿਖੇ ਸ. ਅਨੂਪ ਸਿੰਘ ਪੁੱਤਰ ਸ. ਜਗਤਾਰ ਸਿੰਘ ਦੇ ਗ੍ਰਹਿ ਵਿਖੇ ਸ. ਜਗਤਾਰ ਸਿੰਘ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਨਾਮਧਾਰੀ ਧਰਮਸ਼ਾਲਾ ਸੈਕਟਰ 30 ਬੀ ਵਿਖੇ ਸ. ਬਚਿੱਤਰ ਸਿੰਘ ਡਾਲਟਨਗੰਜ ਵਾਲਿਆ ਵੱਲੋਂ ਚੱਲ ਰਹੇ ਪਵਿੱਤਰ ਗੁਰਬਾਣੀ ਦੇ ਅਖੰਡ ਪਾਠਾਂ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ।

ਜ. ਬਲਵਿੰਦਰ ਸਿੰਘ ਅਤੇ ਸੰਤ ਗੁਰੂਬਚਨ ਸਿੰਘ ਜੀ ਨੇ ਆਪੋ-ਆਪਣੇ ਸਮੇਂ ਮੁਤਾਬਿਕ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਗੁਰੂ ਜੱਸ ਕੀਤਾ। ਅਰਦਾਸ ਉਪਰੰਤ ਪ੍ਰੋਗਰਾਮ ਦੀ ਸਮਾਪਤੀ ਹੋਈ ਅਤੇ ਸ੍ਰੀ ਸਤਿਗੁਰੂ ਜੀ ਹਵਾਈ ਅੱਡੇ ਤੋਂ ਹਵਾਈ ਸਫਰ ਰਾਹੀ ਬੰਗਲੌਰ ਲਈ ਰਵਾਨਾ ਹੋ ਗਏ।

**ਸੂਬਾ ਬਲਵਿੰਦਰ ਸਿੰਘ ਝੱਲ**

..........................................................

## ਦਿੱਲੀ ਵਿਖੇ ਅਖੰਡ ਪਾਠਾਂ ਦਾ ਪ੍ਰਵਾਹ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਸਦਕਾ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦੀ ਇਮਾਰਤੀ ਨੁਹਾਰ ਬਦਲ ਗਈ ਹੈ। ਸਾਧ ਸੰਗਤ ਦੇ ਬੈਠਣ ਲਈ ਸੋਹਣਾ ਹਾਲ ਬਣਿਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਚਲਾਈ ਗਈ ਅਖੰਡ ਵਰਨੀ ਵਾਲੇ ਕਮਰੇ ਦਾ ਵੀ ਨਵੀਨੀਕਰਨ ਕਰਕੇ ਹੋਰ ਵੱਡਾ ਕਰ ਦਿੱਤਾ ਗਿਆ ਹੈ। ਪਿਛਲੇ ਮਹੀਨੇ ਜਦੋਂ ਹਜ਼ੂਰ ਪਾਤਸ਼ਾਹ ਜੀ ਨੇ ਦਿੱਲੀ ਵਿਖੇ ਦਰਸ਼ਨ ਦਿੱਤੇ ਤਾਂ ਹੁਕਮ ਹੋਇਆ "ਇਹ ਕਮਰਾ ਵੱਡਾ ਕਰਨ ਦਾ ਮੰਤਵ ਇਹ ਸੀ ਕਿ ਇਸ ਵਿੱਚ ਅਖੰਡ ਪਾਠ ਕੀਤੇ ਜਾ ਸਕਣ। ਪਾਠੀ ਅਸੀ ਸ੍ਰੀ ਭੈਣੀ ਸਾਹਿਬ ਤੋਂ ਭੇਜ ਦਿਆਂਗੇ। ਕੋਸ਼ਿਸ਼ ਕਰੋ ਹੌਲੀ ਹੌਲੀ ਨੌਜਵਾਨਾਂ ਦੀ ਇੱਕ ਟੀਮ ਦਿੱਲੀ ਵੀ ਬਣ ਜਾਵੇ। ਗੁਰਦਵਾਰੇ ਉਦੋਂ ਹੀ ਸੋਹਣੇ ਲਗਦੇ ਹਨ ਜਦੋਂ ਜਿਆਦਾ ਤੋਂ ਜਿਆਦਾ ਨਾਮ ਸਿਮਰਨ ਤੇ ਗੁਰਬਾਣੀ ਦਾ ਪਾਠ ਹੋ ਸਕੇ।"

ਪਾਤਸ਼ਾਹ ਜੀ ਦੇ ਇਸ ਬਚਨ ਨੂੰ ਮੁੱਖ ਰਖਦਿਆਂ 23 ਮਾਰਚ ਨੂੰ ਸ੍ਰੀ ਭੈਣੀ ਸਾਹਿਬ ਤੋਂ 14 ਸਰੀਰ ਦਿੱਲੀ ਪਧਾਰੇ। ਖਾਸ ਗੱਲ ਇਹ ਸੀ ਕਿ ਇਸ ਜਥੇ ਵਿੱਚ 9 ਨੌਜਵਾਨ 15 ਤੋ 30 ਸਾਲ ਦੀ ਉਮਰ ਦੇ ਸਨ। ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਅਖੰਡ ਪਾਠ ਸ.ਅਵਤਾਰ ਸਿੰਘ ਲੱਲ ਦੇ ਘਰ ਵਿਸ਼ਾਲ ਇਨਕਲੇਵ ਰੱਖਿਆ ਗਿਆ। ਅਖੰਡ ਪਾਠ ਦੀ ਮਰਯਾਦਾ ਅਨੁਸਾਰ 48 ਘੰਟੇ ਤੋਂ ਪਹਿਲਾਂ ਇਸਦਾ ਭੋਗ ਪਾਉਣਾ ਹੁੰਦਾ ਹੈ। ਕੁੰਭ, ਧੂਪ, ਦੀਪ, ਸਮਗਰੀ ਸੰਯੁਕਤ ਜਪਜੀ ਸਾਹਿਬ ਦੀ ਅਖੰਡ ਵਰਨੀ ਵੀ ਨਾਲ ਚਲਦੀ

ਹੈ। ਸਾਰੇ ਸਿੰਘ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਕੇ, ਕਿਸੇ ਅਨਮਤੀ ਦੇ ਹੱਥੋਂ ਨਾ ਖਾਣ ਪੀਣ ਦੀ ਮਰਯਾਦਾ ਨੂੰ ਮੁੱਖ ਰਖਦਿਆਂ ਰਹਿੰਦੇ ਹਨ। ਹਰ ਰੌਲ ਸਮੇਂ ਸਣੇ ਕੇਸੀ ਇਸ਼ਨਾਨ ਕੀਤਾ ਜਾਂਦਾ ਹੈ। ਸ. ਅਵਤਾਰ ਸਿੰਘ ਦੇ ਘਰ ਦੋ ਦਿਨ ਸ਼ਾਮ ਨੂੰ ਸੰਤ ਨਿਸ਼ਾਨ ਸਿੰਘ ਜੀ ਕਥਾ ਕਰਦੇ ਰਹੇ।

26 ਮਾਰਚ ਨੂੰ ਪਾਠ ਦੇ ਭੋਗ ਤੋਂ ਬਾਅਦ ਦਾਸ ਨੇ ਦੀਵਾਨ ਸਜਾਇਆ। ਉਪਰੰਤ ਹਜ਼ੂਰੀ ਰਾਗੀ ਬਲਵੰਤ ਸਿੰਘ ਤੇ ਹਰਪ੍ਰੀਤ ਸਿੰਘ ਜੀ ਨੇ ਡੇਢ ਘੰਟਾ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਅੱਜ ਰਾਮ ਨੌਮੀ ਦਾ ਦਿਨ ਹੋਣ ਕਰਕੇ ਸਾਹਿਬ ਦਸਮ ਪਾਤਸ਼ਾਹ ਜੀ ਵਲੋਂ ਉਚਾਰਨ ਹੋਈ ਬਾਣੀ ਰਾਮਾ ਅਵਤਾਰ ਵਿੱਚੋ ਸ਼ਬਦ ਪੜੇ ਗਏ। ਵੱਡੀ ਗਿਣਤੀ ਵਿੱਚ ਗੈਰ ਨਾਮਧਾਰੀ, ਹਿੰਦੂ ਸਮਾਜ ਦੇ ਲੋਕ ਵੀ ਆਏ ਸਨ। ਸਾਰਿਆਂ ਨੇ ਕੀਰਤਨ ਦੀ ਬਹੁਤ ਸ਼ਲਾਘਾ ਕੀਤੀ।

26 ਮਾਰਚ ਤੋਂ 4 ਅਪ੍ਰੈਲ ਤਕ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ 4 ਅਖੰਡ ਪਾਠ ਕੀਤੇ ਗਏ। ਸੰਤ ਮਨਮੋਹਨ ਸਿੰਘ, ਸੰਤ ਨਵਨੀਤ ਸਿੰਘ, ਸੰਤ ਗੁਰਚਰਨ ਸਿੰਘ ਦਾਤੇਵਾਲ, ਸੰਤ ਬਲਬੀਰ ਸਿੰਘ ਵਲੋਂ ਇਕ - ਇੱਕ ਪਾਠ ਦੀ ਸੇਵਾ ਕੀਤੀ ਗਈ। ਇਹਨਾਂ ਦਿਨਾਂ ਦੌਰਾਨ ਹੀ ਨੌਜਵਾਨਾਂ ਦੇ ਇਸ ਜੱਥੇ ਨੇ ਇਕ ਭਜਨ ਦੀ ਵਰਨੀ, 10 ਚੌਪਈ ਦੀ ਵਰਨਿਆਂ ਤੇ 15 ਹਵਨ ਵੱਖ-ਵੱਖ ਪਰਿਵਾਰਾਂ ਵਲੋਂ ਉਹਨਾਂ ਦੇ ਘਰਾਂ ਵਿੱਚ ਜਾਂ ਗੁਰਦਵਾਰੇ ਵਿਖੇ ਹੀ ਕੀਤੇ। ਸਾਧ ਸੰਗਤ ਨੇ ਇਸ ਨੌਜਵਾਨਾਂ ਦੇ ਜਥੇ ਦੀ ਬਹੁਤ ਸ਼ਲਾਘਾ ਕੀਤੀ। ਇਹਨਾ ਪਾਠਾਂ ਦੇ ਪ੍ਰਬੰਧ ਵਿਚ ਸੰਤ ਗੁਰਮੁਖ ਸਿੰਘ ਫੋਟੋਗਰਾਫ਼ਰ ਨੇ ਅਣਥੱਕ ਸੇਵਾ ਨਿਭਾਈ।

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਦਿੱਲੀ ਦੇ 5-6 ਨੌਜਵਾਨਾਂ ਨੇ ਵੀ ਰੁਝੇਵਿਆਂ ਵਿੱਚੋ ਸਮਾਂ ਕੱਡਕੇ, ਮਰਯਾਦਾ ਦੇ ਧਾਰਨੀ ਹੋਕੇ ਪਾਠ ਦੀ ਰੌਲ ਲਗਾਈ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ 24 ਮਾਰਚ ਤੋਂ 30 ਮਾਰਚ ਤੱਕ ਸੰਤ ਨਿਸ਼ਾਨ ਸਿੰਘ ਜੀ ਦੁਆਰਾ ਨਾਮਧਾਰੀ ਗੁਰਦਵਾਰੇ ਵਿਖੇ ਹੀ ਰੋਜ਼ਾਨਾ ਸਵੇਰੇ ਇੱਕ ਘੰਟਾ ਗੁਰਬਾਣੀ ਸੰਥਿਆ ਦਿੱਤੀ ਜਾਂਦੀ ਰਹੀ ਅਤੇ ਸ਼ਾਮ ਨੂੰ ਰੋਜ਼ਾਨਾ ਇੱਕ ਘੰਟਾ ਕਥਾ ਦਾ ਪ੍ਰਵਾਹ ਚਲਦਾ ਰਿਹਾ। ਸਾਧ ਸੰਗਤ ਵੱਲੋਂ ਵੱਡਾ ਹੁੰਗਾਰਾ ਪ੍ਰਬੰਧਕਾਂ ਨੂੰ ਮਿਲਿਆ ਹੈ ਕਿ ਇਸ ਤਰਾਂ ਦੇ ਸਮਾਗਮ ਜਲਦੀ ਜਲਦੀ ਹੀ ਹੁੰਦੇ ਰਹਿਣੇ ਚਾਹੀਦੇ ਹਨ।

**ਜਥੇ. ਨਿਸ਼ਾਨ ਸਿੰਘ ਦਿੱਲੀ**

## ਬੀਬੀ ਜੋਗਿੰਦਰ ਕੌਰ ਨਹੀਂ ਰਹੇ

ਸਿੱਖ ਧਰਮ ਵਿਚ ਸੇਵਕ ਦਾ ਰੁਤਬਾ ਸ੍ਰੋਮਣੀ ਹੈ ਜੋ ਸੇਵਕ ਨਿਮਾਣਾ ਹੋ ਕੇ ਨਿਸ਼ਕਾਮ ਭਾਵਨਾ ਨਾਲ ਸੇਵਾ ਕਰਦਾ ਹੈ ਅਤੇ ਆਪਣੇ ਪ੍ਰੀਤਮ ਗੁਰੂ ਨੂੰ ਰਜਾ ਲੈਜਾ ਹੈ ਉਸ ਦਾ ਸੰਦਾਰ ਤੇ ਆਉਣਾ ਸਫਲ ਹੋ ਜਾਂਦਾ ਹੈ। ਐਸੇ ਹੀ ਸਨ ਬੀਬੀ ਜੋਗਿੰਦਰ ਕੌਰ ਜੀ ਧਰਮ ਪਤੀ ਸੂਬਾ ਅਜੀਤ ਸਿੰਘ ਬਟਾਲਾ। ਜੋ 21 ਮਾਰਚ 7 ਕੁ ਵਜੇ ਸਵੇਰੇ ਸੰਸਾਰ ਨੂੰ ਅਲਵਿਦਾ ਕਹਿ ਗੁਰੂ ਚਰਨਾ ਵਿਚ ਜਾ ਬਿਰਾਜੇ। ਉਹਨਾਂ ਦਾ ਜਨਮ ਮਾਤਾ ਜਸਵੰਤ ਕੌਰ ਪਿਤਾ ਬਹਾਦਰ ਸਿੰਘ ਦੇ ਘਰ 7-



6-1953 ਨੂੰ ਹੋਇਆ। ਮੈਟ੍ਰਿਕ ਪਾਸ ਤੋਂ ਬਾਅਦ ਧਾਰਮਿਕ ਵਿੱਦਿਆ ਘਰ ਵਿਚੋਂ ਹੀ ਪ੍ਰਾਪਤ ਕੀਤੀ। 1971 ਵਿਚ ਬੀਬੀ ਜੀ ਦਾ ਆਨੰਦ ਕਾਰਜ ਸੂਬਾ ਅਜੀਤ ਸਿੰਘ ਜੀ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਹੋਇਆ। ਸਤਿਗੁਰੂ ਜੀ ਨੇ ਕੁਝ ਦਿਨ ਸ੍ਰੀ ਭੈਣੀ ਸਾਹਿਬ ਰਹਿ ਕੇ ਸੇਵਾ ਕਰਨ ਦਾ ਹੁਕਮ ਕੀਤਾ। ਜਿਸ ਨੇ ਉਹਨਾਂ ਦੇ ਜੀਵਨ ਤੇ ਡੂੰਘੀ ਛਾਪ ਛੱਡੀ। ਪਰਿਵਾਰ ਵਿਚੋਂ ਸਭ ਤੋਂ ਵੱਡੇ ਸਨ। ਘਰ ਦੇ ਸਾਰੇ ਵੱਡੇ ਨੂੰ ਸਤਿਕਾਰ ਛੋਟਿਆਂ ਨੂੰ ਪਿਆਰ ਵੰਡਿਆਂ। ਆਈ ਸਾਧ ਸੰਗਤ ਦੀ ਸੇਵਾ ਤਨ ਮਨ ਨਾਲ ਕਰਦੇ। ਮਾਨੋ ਸੇਵਾ ਸਿਮਰਨ, ਦਾਨ ਉਹਨਾਂ ਦੇ ਜੀਵਨ ਦਾ ਨਿਤਨੇਮ ਹੀ ਬਣ ਗਿਆ ਸੀ। 16 ਮਾਰਾਚ

2025 ਨੂੰ ਸੂਬਾ ਜੀ ਨੂੰ ਸੇਵਾ ਸਨਮਾਨ ਨਾਲ ਸਨਮਾਨਤ ਕੀਤਾ। ਇਹ ਵੀ ਉਹਨਾਂ ਦੇ ਸਹਿਯੋਗ ਦਾ ਸਦਕਾ ਹੀ ਸੀ। ਕੁਝ ਸਮੇਂ ਤੋਂ ਸਿਹਤ ਢਿੱਲੀ ਸੀ। ਇਲਾਜ ਲਈ ਲੁਧਿਆਣੇ ਵੱਡੇ ਬੇਟੇ ਕੋਲ ਗਏ। ਉਥੇ ਹੀ 21 ਮਾਰਚ ਸਵੇਰੇ 7 ਕੁ ਵਜੇ ਉਹ ਸੰਸਾਰ ਨੂੰ ਅਲਵਿਦਾ ਕਹਿ ਗੁਰ ਚਰਨਾ ਵਿਚ ਜਾ ਬਿਰਾਜੇ। ਉਹਨਾਂ ਦਾ ਸੰਸਕਾਰ 22 ਮਾਰਚ ਨੂੰ ਸ੍ਰੀ ਭੈਣੀ ਸਾਹਿਬ ਹੋਇਆ। ਅਗਲੇ ਹੀ ਦਿਨ ਪਾਤਸ਼ਾਹ ਜੀ ਦੇ ਚਰਨਾਂ ਵਿਚ ਸੂਬਾ ਜੀ ਅਰਜ਼ ਕੀਤੀ ਕਿ ਮੇਰੀ ਸਿੱਖਣੀ ਚੜਾਈ ਕਰ ਗਈ ਹੈ। ਸਤਿਗੁਰੂ ਜੀ ਬਚਨ ਕੀਤਾ ਸੂਬਾ ਜੀ ਮੈਂ ਬੀਬੀ ਦੇ ਭੋਗ ਤੇ ਜ਼ਰੂਰ ਆਵਾਂਗਾ।

31 ਮਾਰਚ ਨੂੰ ਬਟਾਲੇ ਵਿਚ ਉਹਨਾਂ ਨਮਿਤ ਮੇਲੇ ਵਿਚ ਸੰਗਤਾਂ ਹੁੰਮ-ਹੁੰਮਾ ਕੇ ਪੁੱਜੀਆ। ਨਾਮਧਾਰੀ ਪੰਥ ਦੇ ਹਿਰਦੇ ਸਮਰਾਟ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸੇਵਕ ਪਰਿਵਾਰ ਨੂੰ ਨਿਵਾਜਣ ਵਾਸਤੇ ਦਰਸ਼ਨ ਦਿੱਤੇ। ਨਾਮਧਾਰੀ ਪੰਥ ਦੇ ਪ੍ਰਚਾਰਕ ਜੱਥੇਦਾਰ ਸੁਰਜੀਤ ਸਿੰਘ ਮੁਸਤਫਾਪੁਰ, ਜਥੇਦਾਰ ਨਿਸ਼ਾਨ ਸਿੰਘ ਦਿੱਲੀ, ਜੱਥੇ ਗੁਰਬਚਨ ਸਿੰਘ ਵੀਰੋਕੇ, ਸੰਤ ਨਿਸ਼ਾਨ ਸਿੰਘ ਜੀ ਨੇ ਆਪਣੇ ਵਿਖਿਆਨ ਨਾਲ ਸੰਗਤ ਨੂੰ ਗੁਰ ਚਰਨਾਂ ਨਾਲ ਜੋੜਿਆ। ਸਮਾਗਮ ਵਿਚ ਇਲਾਕੇ ਦੀਆਂ ਸਮਾਜਿਕ, ਧਾਰਮਿਕ, ਰਾਜਨਿਤਕ ਹਸਤੀਆਂ ਪੁੱਜੀਆਂ। ਸ. ਨਤਵੇਜ ਸਿੰਘ ਚੀਮਾਂ ਐਮ.ਐਲ.ਏ ਸ. ਅਮਨਸੇਰ ਸਿੰਘ ਐਮ. ਐਲ.ਏ. ਬਟਾਲਾ, ਸ. ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਐਕਸ. ਐਮ.ਐਲ.ਏ. ਖਾਸ ਤੌਰ ਤੇ ਪੁੱਜੇ।

ਨਾਮਧਾਰੀ ਦਰਬਾਰ ਵਲੋਂ ਸ੍ਰੀ ਸਤਿਗੁਰੂ ਜੀ ਸਮੇਤ ਸਤਿਕਾਰ ਯੋਗ ਮਾਤਾ ਜੀ ਸੰਤ ਕਰਤਾਰ ਸਿੰਘ ਸੇਵਕ, ਆਸਾ ਸਿੰਘ ਸੇਵਕ, ਸੂਬਾ ਬਲਵਿੰਦਰ ਸਿੰਘ ਝੱਲ, ਸੂਬਾ ਹਰਭਜਨ ਸਿੰਘ ਲੁਧਿਆਣਾ, ਗਿਆਨੀ ਜੋਗਿੰਦਰ ਸਿੰਘ ਲੁਧਿਆਣਾ, ਸ. ਗੁਰਿੰਦਰਪਾਲ ਸਿੰਘ ਲੁਧਿਆਣਾ ਖਾਸ ਤੌਰ ਤੇ ਪੁੱਜੇ। ਸੰਤ ਹਰਪਾਲ ਸਿੰਘ ਸੇਵਕ ਉਚੇਚੇ ਤੌਰ ਤੇ ਪਰਿਵਾਰ ਨਾਲ ਸਨੇਹ ਵਜੋਂ ਆਏ ਅਤੇ ਬੀਬੀ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਬੀਬੀ ਜੀ ਦੀਆਂ ਤਿੰਨ ਧੀਆਂ, ਦੋ ਸਪੁੱਤਰ ਸਮੇਤ ਸਾਰਾ ਪਰਿਵਾਰ ਹੀ ਸਤਿਗੁਰੂ ਜੀ ਦੇ ਚਰਨਾਂ ਤੇ ਸ਼ਰਧਾ ਰਖਦੇ ਹਨ। ਬੀਬੀ ਜੀ ਦਾ ਜੀਵਨ ਤੇ ਉਹਨਾਂ ਦੀ ਯਾਦ ਵਿਚ ਸਤਿਗੁਰੂ ਜੀ ਕਿਰਪਾ ਨਾਲ ਹੋਇਆ ਮੇਲਾਂ ਦੋਵੇ ਹੀ ਸੰਗਤਾ ਦੇ ਦਿਲਾ ਤੇ ਡੂੰਘੀ ਛਾਪ ਛੱਡ ਗਏ।

**ਜਥੇ. ਗੁਰਬਚਨ ਸਿੰਘ ਵੀਰੋਕੇ**

## ਕਸਬਾ ਬੱਸੀ ਪਠਾਣਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਗੁਰੂ ਅਤੇ ਸਿੱਖ ਦਾ ਪਰਸਪਰ ਪ੍ਰੇਮ ਦਾ ਰਿਸ਼ਤਾ ਐਸਾ ਹੈ ਕਿ ਸਿੱਖ ਦੀ ਹਰ ਇਕ ਭਾਵਨਾ ਗੁਰੂ ਦੇ ਚਰਨਾਂ ਵਿਚ ਸਮਰਪਿਤ ਹੁੰਦੀ ਹੈ। ਏਸੇ ਹੀ ਭਾਵਨਾ ਨੂੰ ਮੁੱਖ ਰੱਖਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 8 ਅਪ੍ਰੈਲ 2026 ਦਿਨ ਬੁੱਧਵਾਰ ਨੂੰ ਬੱਸੀ ਪਠਾਣਾ ਵਿਖੈ ਸ. ਕੁਲਵਿੰਦਰ ਸਿੰਘ ਬਾਜਵਾ ਪੁੱਤਰ ਸੁਰਜੀਤ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਪਰਿਵਾਰ ਦੀ ਭਾਵਨਾ ਸੀ ਕਿ ਨਵੇਂ ਬਣੇ ਮਕਾਨ ਵਿਚ ਸ੍ਰੀ ਸਤਿਗੁਰੂ ਜੀ ਦੇ ਚਰਨ ਪੈਣ ਉਪਰੰਤ ਹੀ ਰਹਾਇਸ ਕੀਤੀ ਜਾਵੇ। ਸ੍ਰੀ ਸਤਿਗੁਰੂ ਜੀ ਨੇ ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸੇਵਕਾਂ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਪਰਿਵਾਰ ਨਾਲ ਬਚਨ ਬਿਲਾਸ ਕਰਨ ਦੀ ਕਿਰਪਾ ਕਰਕੇ ਹਾਲ-ਚਾਲ ਪੁੱਛਿਆ। ਸਾਰੇ ਪ੍ਰੋਗਰਾਮ ਦੀ ਰੂਪ ਰੇਖਾ ਸ. ਜਗਮੋਹਨ ਸਿੰਘ ਕੰਗ ਟਮਕੋਡੀ ਨੇ ਤਿਆਰ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਬਟਾਲਾ ਸ਼ਹਿਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਹਰ ਨਾਮਧਾਰੀ ਪਰਿਵਾਰ ਦੀ ਖਾਹਿਸ਼ ਹੁੰਦੀ ਹੈ ਕਿ ਉਹਨਾਂ ਦਾ ਹਰ ਕਾਰਜ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਤੇ ਉਹਨਾਂ ਦੀ ਪਾਵਨ ਹਜ਼ੂਰੀ ਵਿਚ ਹੋਵੇ। ਅਜਿਹੀ ਹੀ ਭਾਵਨਾ ਸੀ ਸੂਬਾ ਅਜੀਤ ਸਿੰਘ ਬਟਾਲਾ ਵਾਲਿਆਂ ਦੀ ਜਿਹਨਾਂ ਦੀ ਧਰਮ ਪਤਨੀ ਬੀਬੀ ਜੁਗਿੰਦਰ ਕੌਰ ਜੋ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ। ਸੂਬਾ ਅਜੀਤ ਸਿੰਘ ਜੀ ਦੇ ਪਰਿਵਾਰ ਵੱਲੋਂ ਅਰਜ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਬਟਾਲੇ ਮਿਤੀ 31 ਮਾਰਚ 2026 ਦਿਨ ਮੰਗਲਵਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆਂ ਜਲੰਧਰ, ਦਸੂਹਾ ਹੁੰਦੇ ਹੋਏ ਗੁਰਦਾਸਪੁਰ ਦੇ ਨੇੜੇ ਪਿੰਡ ਲੇਹਲ ਵਿਖੇ ਸ. ਰਜਿੰਦਰ

ਸਿੰਘ ਪੁੱਤਰ ਸੂਬੇਦਾਰ ਅਮੀਰ ਸਿੰਘ ਦੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪਰਿਵਾਰ ਨੂੰ ਦਰਸ਼ਨ ਦੇਣ ਉਪਰੰਤ ਬਟਾਲਾ ਸ਼ਹਿਰ ਵਿਖੇ ਸੂਬਾ ਅਜੀਤ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਿਥੇ ਅੱਜ ਸੂਬਾ ਅਜੀਤ ਸਿੰਘ ਜੀ ਦੀ ਧਰਮਪਤਨੀ ਬੀਬੀ ਜੋਗਿੰਦਰ ਕੌਰ ਨਮਿਤ ਭੋਗ ਸਮਾਗਮ ਸੀ।

ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਕਰਤਾਰ ਸਿੰਘ ਪੁੱਤਰ ਸ. ਗੁਰਦਿਆਲ ਸਿੰਘ ਅਤੇ ਸਰਨਜੀਤ ਸਿੰਘ ਪੁੱਤਰ ਗੁਰਦਿਆਲ ਸਿੰਘ ਦੇ ਗ੍ਰਹਿ ਮਾਡਲ ਟਾਊਨ ਬਸੰਤ ਨਗਰ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਏਥੇ ਹੀ ਸ. ਸੁਲੱਖਣ ਸਿੰਘ ਪੁੱਤਰ ਸ. ਗੁਰਦਿਆਲ ਸਿੰਘ ਦੇ ਘਰ ਚਰਨ ਪਾਏ। ਸ੍ਰੀ ਸਤਿਗੁਰੂ ਜੀ ਨੇ ਭੋਗ ਸਮਾਗਮ ਵਾਲੇ ਸਥਾਨ ਮਹਾਰਾਜਾ ਜੱਸਾ ਸਿੰਘ ਰਾਮਗੜੀਆ ਹਾਲ ਵਿਖੇ ਦਰਸ਼ਨ ਦਿੱਤੇ ਤਾਂ ਸੰਤ ਨਿਸ਼ਾਨ ਸਿੰਘ ਕਥਾ ਕਰ ਰਹੇ ਸਨ। ਸਾਧ ਸੰਗਤ ਵੱਡੀ ਗਿਣਤੀ ਵਿਚ ਹਾਜਰ ਸੀ ਏਸ ਤੋਂ ਪਹਿਲਾਂ ਨਾਮਧਾਰੀ ਪੰਥ ਦੇ ਜਥੇਦਾਰ ਸਹਿਬਾਨ ਦੀਵਾਨ ਦੇ ਰੂਪ ਵਿਚ ਆਪੋ-ਆਪਣੀ ਹਾਜਰੀ ਭਰ ਚੁੱਕੇ ਸਨ।

ਪਾਠ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ। ਸਟੇਜ ਸਕੱਤਰ ਦੀ ਸੇਵਾ ਰਵਿੰਦਰ ਸਿੰਘ ਜੋਹਲ ਨੇ ਕੀਤੀ। ਸਾਰੇ ਹੀ ਸਮਾਗਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਅਸਵਨੀ ਸੇਖੜੀ ਸਾਬਕਾ ਮੰਤਰੀ ਜੀ ਨੇ ਅਰਜ ਕਰਨ ਤੇ ਬਟਾਲਾ ਵਿਖੇ ਹੀ ਉਹਨਾਂ ਦੇ ਪਿਤਾ ਦੇ ਨਾਮ ਤੇ ਸਥਾਪਤ 'ਸ੍ਰੀ ਵਿਸਵਾ ਮਿੱਤਰ ਸੇਖੜੀ ਕਾਲਜ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇਸ ਸਮੇਂ ਸ੍ਰੀ ਅਸਵਨੀ ਸੇਖੜੀ ਦੀ ਮਾਤਾ ਬੀਬੀ ਜਨਕਗਨੀ ਸੇਖੜੀ ਅਤੇ ਅਸਵਨੀ ਸੇਖੜੀ ਦੇ ਬੇਟੇ ਅਭੀਨੇਵ ਸੇਖੜੀ ਵੀ ਮੌਜੂਦ ਸਨ। ਕੁਝ ਸਮਾਂ ਰੁਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਵਾਪਸੀ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਅਖੰਡ ਪਾਠਾਂ ਦਾ ਪ੍ਰਵਾਹ

ਮਿਤੀ 15-3 -26 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜੂਰੀ ਵਿੱਚ ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਨੇ ਮਿਲ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 2 ਅਖੰਡ ਪਾਠ ਸਾਹਿਬ ਕਰਕੇ ਭੋਗ ਪਾਏ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਅਪਾਰ ਖੁਸ਼ੀਆਂ ਦੀ ਬਖਸ਼ਿਸ਼ ਕੀਤੀ ਅਤੇ ਨੌਜਵਾਨਾਂ ਨੂੰ ਹੁਕਮ ਕੀਤਾ ਸਾਰੇ ਘੱਟੋ-ਘੱਟ ਇਕ ਮਹੀਨੇ ਦਾ ਅਖੰਡ ਪਾਠ ਜ਼ਰੂਰ ਕਰਿਆ ਕਰੋ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਨੌਜਵਾਨਾਂ ਨੂੰ ਗੁਰਬਾਣੀ ਨਾਲ ਜੋੜਨ ਦੇ ਉਪਰਾਲੇ ਸਦਕਾ ਸ੍ਰੀ ਭੈਣੀ ਸਾਹਿਬ ਦੀਆਂ ਨੌਜਵਾਨ ਲੜਕੀਆਂ ਵੱਲੋਂ ਵੀ 7 ਅਪ੍ਰੈਲ 2026 ਸਰਬੱਤ ਦੇ ਭਲੇ ਤੇ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਲਈ ਪਵਿੱਤਰ ਗੁਰਬਾਣੀ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ 2 ਸਹਿਜ ਪਾਠਾਂ ਦੇ ਭੋਗ ਪਾਏ ਗਏ।

**ਸੰਪਾਦਕ**

## Matrimonial

**ਨਾਮਧਾਰੀ ਲੜਕਾ**
ਜਨਮ ਮਿਤੀ - 02-02-2002
ਕਦ - 5'/11"
ਪੜਾਈ - Bsc Nurisng
ਗੋਤ - ਬਮਰਾਹ
ਸ਼ਹਿਰ - ਅੰਮ੍ਰਿਤਸਰ
ਫੋਨ - 9815961174

**ਸਤਿਜੁਗ ਆਪ ਪੜ੍ਹੋ ਤੇ ਹੋਰਾਂ ਨੂੰ ਵੀ ਪੜ੍ਹਾਓ।**

ਸ੍ਰੀ ਸਤਿਗੁਰੂ ਜੀ ਨੇ ਪਿੰਡ ਲਾਂਬੜਾ ਵਿਖੇ
ਸ਼ਹੀਦ ਖੁਸ਼ਹਾਲ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਿੱਚ ਬਣੇ ਵਿਰਾਸਤ ਭਵਨ ਦਰਸ਼ਨ ਦਿੱਤੇ,
ਇਸ ਸਮੇਂ ਡਾ. ਨਿਰਮਲ ਸਿੰਘ, ਡਾ ਲਖਵੀਰ ਸਿੰਘ ਰਾਮਪੁਰਾ ਫੂਲ ਅਤੇ ਸਕੂਲ ਸਟਾਫ਼ ਹਾਜ਼ਰ ਸੀ।















31.03.2026

Date of Publication: 21 April 2026
Date of Posting: 23 April 2026

RNI NO.55658/93
LDM/008/2021-2023

ਸ੍ਰੀ ਸਤਿਗੁਰੂ ਜੀ ਨੇ ਚੈਅਰਮੈਨ ਗੁਰਪ੍ਰੀਤ ਸਿੰਘ ਗੋਪੀ ਦੇ ਘਰ ਦਰਸ਼ਨ ਦਿੱਤੇ।







Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.